भारत सरकार
GOVERNMENT OF INDIA
राष्ट्रीय पुस्तकालय, कलकत्ता
NATIONAL LIBRARY, CALCUTTA

वर्ग संख्या
Class No. P 491.425

पुस्तक संख्या
Book No. T364S

रा० पु० ३८
N. L. 38.

MGIPC—S4—13 LNL/64—30-12-64—50,000.

੧ ਓ ਸਤਿਗੁਰਪ੍ਰਸਾਦਿ ॥

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ

ਵਿਚ

# ਸ਼ਬਦਾਂਤਿਕ ਲਗਾਂ ਮਾਤ੍ਰਾਂ

ਦੇ

## ਗੁੱਝੇ ਭੇਦ


ਕ੍ਰਿਤ

ਤੇਜਾ ਸਿੰਘ, ਐਮ. ਏ.,

ਪ੍ਰੋਫੈਸਰ, ਖ਼ਾਲਸਾ ਕਾਲਜ, ਅੰਮ੍ਰਿਤਸਰ



੧੯੨੫

ਪ੍ਰਕਾਸ਼ਕ—ਮੈਨੇਜਰ 'ਫੁਲਵਾੜੀ', ਹਾਲ ਬਾਜ਼ਾਰ ਅੰਮ੍ਰਿਤਸਰ

# ਸਬਦਾਂਤਿਕ ਲਗਾਂ ਮਾਤ੍ਰਾਂ

Dr Varinder Singh
Grover. Amritsar
Re 1.50

P
491.425.
T 364. S

SHELF LISTED

ਓਅੰਕਾਰ ਪ੍ਰੈਸ
( ਪੁਰਾਣਾ ਤਾਰ ਘਰ )
ਅੰਮ੍ਰਿਤਸਰ ਵਿਚ ਸ੍ਰਦਾਰ ਸਰਵਨ
ਸਿੰਘ 'ਮਾਲਵਈ' ਪ੍ਰਿੰਟਰ ਦੇ ਯਤਨ
ਨਾਲ ਛਪਿਆ ॥

NATIONAL LIBRARY
No. 3328
Date 29.6.64
CALCUTTA

ੴ ਸਤਿਗੁਰਪ੍ਰਸਾਦਿ ॥

# ਭੂਮਿਕਾ

ਆਮ ਲੋਕਾਂ ਦਾ ਖਿਆਲ ਹੈ ਕਿ ਸ੍ਰੀ ਗੁਰੂ ਗ੍ਰੰਥ ਾਹਿਬ ਵਿਚ ਸ਼ਬਦਾਂ ਦੇ ਅੰਤ ਵਿਚ ਲਗੀਆਂ ਹੋਈਆਂ ਾਹਾਰੀਆਂ ਬਿਹਾਰੀਆਂ ਦਾ ਕੋਈ ਖ਼ਾਸ ਅਰਥ ਨਹੀਂ ਹੁੰਦਾ, ਵੇਂ ਹੀ ਲਗੀਆਂ ਹੁੰਦੀਆਂ ਹਨ । ਪਰ ਜੇ ਖੋਜ ਕਰੀਏ ਤਾਂ ਾ ਲਗਦਾ ਹੈ ਕਿ ਇਹ ਲੱਗਾਂ ਮਾਤ੍ਰਾਂ ਕਿਸੇ ਨਾ ਕਿਸੇ ਅਨੁਸਾਰ ਲਗੀਆਂ ਹੋਈਆਂ ਹਨ, ਅਤੇ ਆਪਣੀ ੨ ਤੇ ਵਿਸ਼ੇਸ਼ ਅਰਥ ਰੱਖਦੀਆਂ ਹਨ । ਇਸ ਭੇਦ ਦੇ ਨਾਹ ਣਨ ਤੋਂ ਕਈ ਘਾਟੇ ਪੈਦਾ ਹੋ ਰਹੇ ਹਨ। ਸਾਧਾਰਣ ਖਾਂ ਪਾਸੋਂ ਬਾਣੀ ਦੇ ਪਾਠ ਕਰਨ ਵਿਚ ਬਹੁਤ ਭੁੱਲਾਂ ਹੋ ਦੀਆਂ ਹਨ। ਛਾਪੇਖਾਨਿਆਂ ਵਿਚ ਬਾਣੀ ਦੀ ਅਸ਼ੁੱਧ ਾਈ ਹੁੰਦੀ ਹੈ; ਕਿਉਂਕਿ ਪ੍ਰੂਫ਼-ਰੀਡਰ ਭਾਵੇਂ ਕਿੱਨਾ ਤਕੜਾ ,ਜਿਨ੍ਹਾਂ ਲੱਗਾਂ ਮਾਤ੍ਰਾਂ ਨੂੰ ਉਹ ਵਾਧੂ ਸਮਝਦਾ ਹੈ, ਉਨ੍ਹਾਂ

ਵਿਚੋਂ ਕੋਈ ਨਾ ਕੋਈ ਉਹਦੀ ਅੱਖੋਂ ਉਹਲੇ ਜ਼ਰੂਰ ਜਾਏਗੀ। ਪੜ੍ਹਿਆਂ ਹੋਇਆਂ ਉਤੇ ਇਹ ਅਸਰ ਹੋ ਰਿਹਾ ਕਿ ਇੱਕ ਇੱਕ ਸ਼ਬਦ ਦੇ ਕਈ ਵਾਧੂ ਅਰਥ ਕਰਨ ਲ ਪਏ ਹਨ, ਅਤੇ ਕਈ ਲਿਖਾਰੀ ਸੱਜਨ ਆਪਣੇ ਲੇਖਾਂ ਵਿ ਬਾਣੀ ਦੀਆਂ ਤੁਕਾਂ ਅਸ਼ੁੱਧ ਲਿਖਦੇ ਹਨ। ਇਹਦਾ ਸਿੱ ਇਹ ਨਿਕਲੇਗਾ ਕਿ ਬਾਣੀ ਦੇ ਪਦ-ਛੇਦ ਵਿਚ ਫ਼ਰਕ ਪੈ ਜਾਏਗਾ ਅਤੇ ਕੋਈ ਸੰਪ੍ਰਦਾਈ ਅਰਥ ਨਹੀਂ ਬਣ ਸਕੇਗਾ ਇਸ ਤਰ੍ਹਾਂ ਵਧਦਿਆਂ ੨ ਸਾਡੇ ਵਿਚ ਕਈ ਰਾਹ ਤੇ ਮ ਭੇਦ ਚਲ ਪੈਣਗੇ॥

ਇਸ ਘਾਟੇ ਨੂੰ ਵਿਚਾਰਕੇ ਚਿਰ੍ਹਾਂ ਦੀ ਖੋਜ ਕਰਨ ਯਤਨ ਫੁਰਿਆ ਕਿ ਬਾਣੀ ਵਿਚੋਂ ਸਿਹਾਰੀ ਬਿਹਾਰੀ ਅਸੂਲ ਲੱਭੀਏ। ਇੱਕੋ ਹੀ ਸ਼ਬਦ ਦੇ ਕਈ ਲੱਗਾਂ ਮਾ ਨਾਲ ਵਰਤੀਣ ਤੋਂ ਸ਼ੰਕਾ ਫੁਰੀ ਕਿ ਵੇਖੀਏ ਭਿੰਨ ੨ ਰੂ ਬਦਲਣ ਨਾਲ ਅਰਥਾਂ ਵਿਚ ਕੀ ਭੇਦ ਆ ਜਾਂਦਾ ਹੈ। ਬ ਸਾਰੀਆਂ ਮਿਸਾਲਾਂ ਇਕੱਠੀਆਂ ਕਰਨ ਤੋਂ ਪਤਾ ਲਗਾ ਸਾਰੇ ਗੁਰੂ ਗ੍ਰੰਥ ਸਾਹਿਬ ਵਿਚ ਲੱਗਾਂ ਮਾਤ੍ਰਾਂ ਦੇ ਬੱਝਵੇਂ ਹਨ, ਜੋ ਇਕਸਾਰ ਵਰਤੇ ਗਏ ਹਨ, ਅਤੇ ਜਿਨ੍ਹਾਂ ਪੜਤਾਲ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸੰਕਲਤ ਕਰਤਾ ਗੁਰੂ ਅਰਜਨਦੇਵ ਜੀ ਦੀ ਵਿਦਵਤਾ ਦਾ ਇਕ ਨਵਾਂ ਸ ਮਿਲਦਾ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਨਾਹ ਕੇ ਆਪਣੀ ਅਤੇ ਪਿਛਲੇ ਗੁਰੂ ਸਾਹਿਬਾਨ ਦੀ ਰਚੀ ਬ ਵਿਚ ਹੀ ਇਹ ਨੇਮ ਵਰਤੇ ਹਨ, ਸਗੋਂ ਹੋਰ ਭਗਤਾਂ

ਭੱਟਾਂ ਦੀ ਜੋ ਬਾਣੀ ਚੜ੍ਹਾਈ ਹੈ, ਉਸਦੀ ਲਿਖਤ ਭੀ ਉਸੇ ਰੀਤੀ ਨਾਲ ਕੀਤੀ ਹੈ ॥

ਇਨ੍ਹਾਂ ਨੇਮਾਂ ਦੀ ਖੋਜ ਤੋਂ ਸਾਡੀ ਬੋਲੀ ਦੇ ਇਤਿਹਾਸ ਅਤੇ ਇਹਦੀ ਬਣਤਰ ਉਤੇ ਭੀ ਕੁਝ ਚਾਨਣਾ ਪੈਂਦਾ ਹੈ। ਹੋਰਨਾਂ ਬੋਲੀਆਂ ਵਾਕਰ ਸਾਡੀ ਬੋਲੀ ਭੀ ਆਪਣੇ ਬਾਲਪਣ ਵਿਚ ਸੰਕੋਚ ਸੁਭਾ ਵਾਲੀ ਸੀ। ਇਹਦੇ ਵਿਚ ਭੀ ਲਿਖਾਰੀ ਥੋੜੇ ਸ਼ਬਦ ਵਰਤਕੇ ਬਹੁਤ ਅਰਥ ਲੈਣ ਦਾ ਯਤਨ ਕਰਦੇ ਸਨ। ਲਿਖਤ ਵਿਚ ਇਤਨੀ ਸੰਜਮ ਸੀ ਕਿ ਵਸੇ ਵਸੇ ਇਕ ਸ਼ਬਦ ਜਾਂ ਮਾਤ੍ਰ ਭੀ ਵਾਧੂ ਨਹੀਂ ਸੀ ਵਰਤਦੇ। ਇਹਦਾ ਕਾਰਣ ਕੁਝ ਤਾਂ ਉਨ੍ਹਾਂ ਦੇ ਮਨ ਦਾ ਸੁਭਾ ਸੀ—ਡੂੰਘੇ ਖਿਆਲ ਰਖਣੇ ਅਤੇ ਮਨ ਦੇ ਖਿੰਡਾਉ ਦਾ ਘਟ ਹੋਣਾ—ਅਤੇ ਕੁਝ ਪਰਚਲਤ ਸ਼ਬਦਾਂ ਦੀ ਥੋੜ੍ਹ। ਚਾ ਇਹ ਸੀ ਕਿ ਸੰਸਕ੍ਰਿਤ ਅਤੇ ਪੁਰਾਣੀਆਂ ਪ੍ਰਾਕ੍ਰਿਤਾਂ ਨੂੰ ਛੱਡਕੇ ਲੋਕਾਂ ਦੀ ਆਮ ਵਰਤਣ ਵਾਲੀ ਬੋਲੀ ਵਿਚ ਵਿਚਾਰ ਪ੍ਰਗਟ ਕੀਤੇ ਜਾਣ। ਫਿਰ ਭੀ ਸਦੀਆਂ ਤੋਂ ਬੈਠਿਆ ਹੋਇਆ ਸੰਧੀਆਂ ਨਾਲ ਸੰਧੀਜ ਟਾਂਕਣ ਵਾਲਾ ਮੁਹਾਵਰਾ ਇੱਨਾ ਪ੍ਰਚਲਤ ਸੀ ਕਿ ਉਸ ਤੋਂ ਖਹਿੜਾ ਛੁਡਾਣਾ ਔਖਾ ਸੀ। ਵਾਕਾਂ ਦੀ ਬਣਤਰ ਦੀ ਰੁਚੀ ਇਹੋ ਸੀ ਕਿ ਇਕ ਹੀ ਸ਼ਬਦ ਵਿਚ ਕਰਤਾ, ਕਰਮ ਅਤੇ ਕਿਰਿਆ ਟੁੰਗੀਆਂ ਹੋਈਆਂ ਹੋਣ। "ਵੇਖ ਨਾ! ਉਹ ਉਹਨੂੰ ਮਾਰਦਾ ਹੈ" ਦੀ ਥਾਂ ਵੱਸ ਲਗੇ "ਮਰੇਂਦਾਈਸੁ" ਵਰਤਦੇ ਸਨ। ਗੁਰੂ ਅਰਜਨ ਦੇਵ ਜੀ ਸੂਹੀ ਛੰਤ ਵਿਚ ਹਉਮੈ ਬਾਬਤ ਕਹਿੰਦੇ ਹਨ : "ਮਾਰੇਹਿਸੁ ਵੇ ਜਨ";

ਅਰਥਾਤ, ਹੇ ਜਨ ! ਤੂੰ ਉਸਨੂੰ ਮਾਰ। ਵਾਰ ਰਾਮਕਲੀ ਵਿਚ ਆਉਂਦਾ ਹੈ : "ਜਾ ਸੁਧੋਸੁ"; ਅਰਥਾਤ, ਜਦ ਉਸਨੇ ਉਸਨੂੰ ਸੋਧਿਆ। ਸੰਬੰਧਕ, ਯੋਜਕ ਅਤੇ ਵਿਭਕਤੀਆਂ ਦੇ ਚਿਨ੍ਹਾਂ ਦੀ ਥਾਂ ਸ਼ਬਦਾਂ ਦੇ ਅੰਦਰ ਹੀ ਅਦਲਾ ਬਦਲੀ ਕਰਕੇ ਜਾਂ ਲੱਗਾਂ ਮਾਤ੍ਰਾਂ ਲਾਕੇ ਕਮ ਸਾਰ ਲੈਂਦੇ ਸੀ। ਇਸ ਤੋਂ ਬੋਲੀ ਭਾਵੇਂ ਔਖੀ ਹੋ ਜਾਵੇ, ਪਰ ਥਾਂ ਅਤੇ ਸਮੇਂ ਦੀ ਵਡੀ ਬਚਤ ਹੋ ਜਾਂਦੀ ਸੀ॥

ਹੌਲੀ ਹੌਲੀ ਪੰਜਾਬੀ ਆਪਣੀ ਦਾਦੀ ਸੰਸਕ੍ਰਿਤ ਅਤੇ ਮਾਂ ਪ੍ਰਾਕ੍ਰਿਤ ਦੇ ਕੁਛੜੋਂ ਲਹਿੰਦੀ ਗਈ ਅਤੇ ਆਪਣੇ ਪੈਰਾਂ ਤੇ ਖੜੋਣਾ ਸਿਖਦੀ ਗਈ। ਇਤਨੇ ਵਿਚ ਬਾਹਰੋਂ ਆਈ ਫ਼ਾਰਸੀ ਨੇ ਡੂੰਘੇ ਅਸਰ ਪਾਣੇ ਸ਼ੁਰੂ ਕਰ ਦਿਤੇ। ਖਿਆਲਾਂ ਵਿਚ ਨਵੀਨਤਾ ਅਤੇ ਖੁਲ੍ਹ ਆਉਣ ਕਰਕੇ ਬਾਹਰਲੀ ਸ਼ਕਲ ਨੇ ਭੀ ਰੂਪ ਵਟਾਇਆ। ਪੁਰਾਣੀ ਛੰਦਾਬੰਦੀ ਦੇ ਤੰਗ ਪੇਚਾਂ ਵਿਚੋਂ ਨਿਕਲਕੇ ਵਾਰਾਂ, ਸੱਦਾਂ, ਕਾਫ਼ੀਆਂ, ਬੈਂਤਾਂ, ਸਿਠਣੀਆਂ, ਢੋਲਾਂ ਆਦਿ ਦੇ ਖੁਲ੍ਹੇ ਅਤੇ ਕੁਦਰਤੀ ਮਦਾਨਾਂ ਵਿਚ ਦੌੜਨ ਲਗੀ। ਬੋਲੀ ਵਿਚ ਆਪੇ ਦੀ ਸੋਝੀ ਆਉਣ ਕਰਕੇ ਇਹਦੇ ਮੁਹਾਵਰੇ ਵਿਚ ਪੂਰਣਤਾ ਅਤੇ ਸਰਲਤਾ ਆਉਣ ਲਗੀ। ਵਾਕਾਂ ਦੇ ਜੋੜਨ ਅਤੇ ਨਿਖੇੜਨ ਲਈ ਵਧੇਰੇ ਸ਼ਬਦ ਘੜਨੇ ਅਤੇ ਲੱਭਣੇ ਪਏ, ਅਤੇ ਕਿਸੇ ਵਾਕ ਦੇ ਭਾਵ ਨੂੰ ਪੂਰੇ ਤੌਰ ਤੇ ਪ੍ਰਗਟ ਕਰਨ ਲਈ ਉਹਦੇ ਸਾਰੇ ਵਿਆ-ਕਰਣਿਕ ਭਾਗਾਂ ਨੂੰ ਸਪਸ਼ਟ ਕਰਨ ਦੀ ਲੋੜ ਭਾਸੀ। ਜਿਨ੍ਹਾਂ ਸੰਬੰਧਕੀ, ਯੋਜਕੀ ਅਤੇ ਵਿਸ਼ੇਸ਼ਣੀ ਆਦਿ ਭਾਵਾਂ ਨੂੰ

ਪ੍ਰਗਟ ਕਰਨ ਲਈ ਸ਼ਬਦਾਂ ਦੇ ਪਾਸਿਆਂ ਅਤੇ ਖੁੱਚਾਂ ਵਿਚ ਲੱਗਾਂ ਮਾਤ੍ਰਾਂ ਅੜ੍ਹਗਣੀਆਂ ਪੈਂਦੀਆਂ ਸਨ, ਉਨ੍ਹਾਂ ਲਈ ਹੁਣ ਬਾਹਰ ਪ੍ਰਤੱਖ ਤੌਰ ਤੇ ਵਖਰੇ ਸ਼ਬਦ ਵਰਤੀਣ ਲਗੇ। ਅਤੇ ਇਸਤਰ੍ਹਾਂ ਸਿਹਾਰੀ ਬਿਹਾਰੀ ਦੇ ਕਈ ਗੁਣ ਜੋ ਗੁਰੂ ਸਾਹਿਬਾਨ ਨੇ ਵਰਤੇ ਸਨ, ਪੰਜਾਬੀ ਲਿਖੌਤੀ ਤੋਂ ਲੋਪ ਹੋ ਗਏ॥

ਅਚੰਭੇ ਦੀ ਗੱਲ ਹੈ ਕਿ ਭਾਵੇਂ ਭਾਈ ਗੁਰਦਾਸ ਜੀ ਨੇ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਹੁਕਮ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਆਪਣੇ ਹੱਥਾਂ ਨਾਲ ਲੱਗਾਂ ਮਾਤ੍ਰਾਂ ਸਹਿਤ ਬਾਣੀ ਚੜ੍ਹਾਈ, ਪਰ ਭਾਈ ਸਾਹਿਬ ਦੀ ਆਪਣੀ ਰਚਨਾਂ ਵਿਚ ਲੱਗਾਂ ਮਾਤ੍ਰਾਂ ਉਸੇ ਨੇਮ ਨਾਲ ਨਹੀ ਵਰਤੀਆਂ ਗਈਆਂ। ਜਿਵੇਂ, ਭਾਈ ਗੁਰਦਾਸ ਜੀ ਦੀ ਇਹ ਤੁਕ—"ਸੇਵਕ ਬੈਠਨ ਘਰਾਂ ਵਿਚ ਗੁਰ ਉਠ ਘਰੀਂ ਤਿਨਾੜੇ ਜਾਈ"— ਗੁਰਬਾਣੀ ਦੇ ਨੇਮਾਂ ਅਨੁਸਾਰ ਇਉਂ ਚਾਹੀਦੀ ਸੀ: "ਸੇਵਕ ਬੈਠਨਿ ਘਰਾਂ ਵਿਚਿ ਗੁਰ ਉਠਿ ਘਰੀਂ ਤਿਨਾੜੇ ਜਾਈ"। ਮਲੂਮ ਹੁੰਦਾ ਹੈ ਕਿ ਸ਼ਾਇਦ ਭਾਈ ਸਾਹਿਬ ਨੇ ਤਾਂ ਆਪ ਭੀ ਉਹੋ ਨੇਮ ਵਰਤੇ ਹੋਣਗੇ ਜੋ ਗੁਰੂ ਸਾਹਿਬ ਨੇ ਵਰਤੇ ਸਨ; ਪਰ ਚੂੰਕਿ ਉਨ੍ਹਾਂ ਦੀ ਬਾਣੀ ਸਾਡੇ ਤਕ ਉਸ ਸੰਭਾਲ ਨਾਲ ਨਹੀਂ ਪਹੁੰਚੀ ਜਿਸ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਪਹੁੰਚੀ ਹੈ, ਇਸ ਲਈ ਉਸ ਵਿਚ ਅਦਲਾ ਬਦਲੀ ਹੋ ਗਈ ਹੈ। ਲੱਗਾਂ ਮਾਤ੍ਰਾਂ ਦੇ ਲਿਹਾਜ਼ ਨਾਲ ਦਸਮ ਪਾਤਸ਼ਾਹ ਜੀ ਦੀ ਬਾਣੀ ਦਾ ਭੀ ਇਹੋ ਹਾਲ ਹੈ। ਇਸ ਵਿਚ ਕਿਤੇ ੨ ਲੱਗਾਂ

ਮਾਤ੍ਰਾਂ ਗੁਰੂ ਗ੍ਰੰਥ ਸਾਹਿਬ ਦੇ ਨੇਮਾਂ ਅਨੁਸਾਰ ਵਰਤੀਆਂ ਹੋਈਆਂ ਹਨ, ਪਰ ਬਹੁਤ ਥਾਵਾਂ ਤੇ ਉਨ੍ਹਾਂ ਨੇਮਾਂ ਦਾ ਖਿਆਲ ਨਹੀਂ ਰਖਿਆ ਗਿਆ। ਜਿਵੇਂ, ਚੰਡੀ ਦੀ ਵਾਰ (੮) ਵਿਚ ਜੋ ਇਹ ਤੁਕ, "ਇਕ ਚੁਣ ਚੁਣ ਝਾੜਉ ਕਢੀਅਨ", ਗੁਰੂ ਗ੍ਰੰਥ ਸਾਹਿਬ ਦੀ ਲਿਖਤ ਅਨੁਸਾਰ ਹੁੰਦੀ ਤਾਂ ਇਉਂ ਹੁੰਦੀ: "ਇਕਿ ਚੁਣਿ ਚੁਣਿ ਝਾੜੁੳ ਕਢੀਅਨਿ"। ਦਸਮ ਪਾਤਸ਼ਾਹ ਜੀ ਨੇ ਨਾਵੇਂ ਗੁਰੂ ਸਾਹਿਬ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਵਿਚ ਲੱਗਾਂ ਮਾਤ੍ਰਾਂ ਦੇ ਨੇਮਾਂ ਅਨਕੂਲ ਚੜ੍ਹਾਈ, ਪਰ ਉਨ੍ਹਾਂ ਦੀ ਆਪਣੀ ਬਾਣੀ ਦੀ ਲਿਖਤ ਵਿਚ ਉਨ੍ਹਾਂ ਨੇਮਾਂ ਦਾ ਉਲੰਘਣ ਹੋਇਆ ੨ ਹੈ। ਇਹ ਗੱਲ ਦਸਦੀ ਹੈ ਕਿ ਉਨ੍ਹਾਂ ਦੀ ਬਾਣੀ ਦੇ ਠੀਕ ੨ ਉਤਾਰੇ ਨਹੀਂ ਹੋਂਦੇ ਆਏ। ਗੁਟਕਿਆਂ ਵਿਚ ਤਾਂ ਲੱਗਾਂ ਮਾਤ੍ਰਾਂ ਤੋਂ ਛੁੱਟ ਤੁਕਾਂ ਅਤੇ ਪਦਾਂ ਦਾ ਭੀ ਭਿਨ ਭੇਤ ਆ ਗਿਆ ਹੈ। ਨਮੂਨੇ ਵਜੋਂ ਵੇਖੋ ਜਾਪੁ ਸਾਹਿਬ ਦੇ ਛੰਦ ੮੦-੫੧ ਅਤੇ ੧੪੦ ੧੪੧। ਇਨ੍ਹਾਂ ਥਾਵਾਂ ਤੇ ਕੋਈ ਦੋ ਗੁਟਕੇ ਆਪਸ ਵਿਚ ਨਹੀਂ ਮਿਲਦੇ।

ਇਹੋ ਜਹੀ ਗੜਬੜ ਆਦਿ ਗੁਰੂ ਗ੍ਰੰਥ ਸਾਹਿਬ ਦੀ ਲਿਖਤ ਵਿਚ ਨਹੀਂ ਹੋ ਸਕਦੀ। ਕਿਉਂਕਿ ਬਾਣੀ ਅਸਲ ਰੂਪ ਵਿਚ ਟਾਕਰੇ ਲਈ ਮੌਜੂਦ ਹੈ। ਪਰ ਫੇਰ ਭੀ ਲੱਗਾਂ ਮਾਤ੍ਰਾਂ ਦੇ ਠੀਕ ਨਾ ਛਪਣ ਕਰਕੇ ਪਾਠ ਅਤੇ ਅਰਥਾਂ ਵਿਚ ਬਹੁਤ ਫਰਕ ਪੈ ਜਾਂਦਾ ਹੈ। ਇਸ ਔਕੜ ਨੂੰ ਮੁਖ ਰਖਕੇ ਇਹ ਯਤਨ ਕੀਤਾ ਗਿਆ ਹੈ ਕਿ ਇਸ ਟ੍ਰੈਕਟ ਵਿਚ ਲੱਗਾਂ ਮਾਤ੍ਰਾਂ ਦੇ ਉਹ ਵਿਸ਼ੇਸ਼ ਗੁਣ ਦਸੇ ਜਾਣ ਜੋ ਸ੍ਰੀ

ਗੁਰੂ ਗ੍ਰੰਥ ਸਾਹਿਬ ਵਿਚ ਵਰਤੇ ਗਏ ਹਨ। ਪਾਠਕ ਜਨ ਯਾਦ ਰਖਣ ਕਿ ਇਥੇ ਲੱਗਾਂ ਮਾਤ੍ਰਾਂ ਦੇ ਸਾਰੇ ਵਿਆਕਰਣਿਕ ਸੁਭਾਵ ਨਹੀਂ ਦਸੇ ਗਏ। ਕੇਵਲ ਉਹੋ ਖ਼ਾਸ ੨ ਗੁਣ ਦਸੇ ਗਏ ਹਨ ਜੋ ਅਜਕਲ ਦੇ ਆਮ ਮੁਹਾਵਰੇ ਵਿਚ ਨਹੀਂ ਵਰਤੇ ਜਾਂਦੇ, ਅਤੇ ਉਹ ਭੀ ਉਨ੍ਹਾਂ ਲੱਗਾਂ ਮਾਤ੍ਰਾਂ ਦੇ ਜੋ ਸ਼ਬਦਾਂ ਦੇ ਅੰਤ ਵਿਚ ਆਉਂਦੀਆਂ ਹਨ॥

ੴ ਵਾਹਿਗੁਰੂ ਜੀ ਕੀ ਫ਼ਤਹ।

# ਸ਼ਬਦਾਂਤਿਕ ਲੱਗਾਂ ਮਾਤ੍ਰਾਂ

## ਕੰਨਾ ( ਾ )

੧. ਬਹੁਵਾਚਕ ( plural ); ਯਥਾ, "ਜੇ ਸਉ ਚੰਦਾ ਊਗਵਹਿ" (ਆਸਾ ਦੀ ਵਾਰ) ਵਿਚ 'ਚੰਦਾ' ਚੰਦ ਦਾ ਬਹੁਵਚਨ ਹੈ। ਇਸੇਤਰ੍ਹਾਂ ਆਸਾ ਦੀ ਵਾਰ ਵਿਚ 'ਬੰਧਨਾ' (ਪੌ: ੭, ਸ: ੨), 'ਪੁਨਾ' (ਪੌ: ੮, ਸ: ੨), 'ਵਾਦਾ' (ਪੌ: ੧੧, ਸ: ੨) ਬਹੁਵਚਨ ਹਨ। "ਰੰਗ ਰਸਾ ਜੈਸੇ ਸੁਪਨਾਹਾ" (ਆਸਾ ਮ: ੫) ਵਿਚ 'ਰਸਾ' 'ਰਸ' ਦਾ ਬਹੁਵਚਨ ਹੈ। "ਅਨਦ ਕਰਹਿ ਤੇਰੇ ਦਾਸਾ" (ਸੋਰਠਿ ਮ: ੫ ਵਿਚ 'ਦਾਸਾ' 'ਦਾਸ' ਦਾ ਬਹੁਵਚਨ ਹੈ। ਯਾਦ ਰਹੇ ਕਿ ਇਨ੍ਹਾਂ ਸ਼ਬਦਾਂ ਦਾ ਅੰਤਲਾ ਕੰਨਾਂ ਸਾਧਾਰਣ ਬਹੁਵਚਨ ਦਾ ਚਿੰਨ੍ਹ ਹੈ, ਕਿਸੇ ਕਾਰਕ ਦੀ ਨਸ਼ਾਨੀ ਨਹੀਂ॥

## ਸਿਹਾਰੀ ( ਿ )

੨. ਸਿਹਾਰੀ ਸਭ ਤੋਂ ਵਧਕੇ ਸੰਬੰਧਕ (Preposition) ਦੇ ਅਰਥਾਂ ਵਿਚ ਵਰਤੀ ਗਈ ਹੈ। 'ਵਿਚਿ', 'ਬਾਹਰਿ', 'ਉਪਰਿ', ਆਦਿ ਸ਼ਬਦ ਜਿਹੜੇ ਕਿਸੇ ਚੀਜ਼ ਦਾ ਕਿਸੇ ਹੋਰ ਚੀਜ਼ ਨਾਲ ਪਦਵੀ ਜਾਂ ਅਸਥਾਨਦਾਸੰਬੰਧ ਪ੍ਰਗਟ ਕਰਦੇਹੋਣ, ਉਨ੍ਹਾਂਦੇ ਅੰਤ ਵਿਚਸਿਹਾਰੀ ਜ਼ਰੂਰ ਆਉਂਦੀਹੈ ਅਤੇ ਇਹੋ ਸੰਬੰਧ

ਦਸਣ ਲਈ ਨਾਵਾਂ ਦੇ ਅੰਤ ਵਿਚ ਭੀ ਸਿਹਾਰੀ ਆਉਂਦੀ ਹੈ।

(ੳ) ਸੰਬੰਧਕੀ ਪਦਾਂ ਦੇ ਅੰਤ ਵਿਚ:–

ਵਿਚਿ: "ਭੈ ਵਿਚਿ ਸੂਰਜੁ ਭੈ ਵਿਚਿ ਚੰਦੁ" (ਆਸਾ ਦੀ ਵਾਰ)।

ਉਪਰਿ: "ਲਿਖੇ ਉਪਰਿ ਹੁਕਮੁ ਹੋਇ"(ਸਲੋਕ ਮ:੨, ਵਾਰ ਸਾਰੰਗ)।"ਧਵਲੈ ਉਪਰਿ"(ਜਪੁਜੀ)॥

ਹੇਠਿ: "ਕੰਨੇ ਹੇਠਿ ਜਲਾਈਐ" (ਸਲੋਕ ਫਰੀਦ)।

ਮਧਿ,ਬਾਹਰਿ: "ਸਭ ਹੀ ਮਧਿ ਸਭਹਿ ਤੇ ਬਾਹਰਿ ਬੇਮੁਹਤਾਜ ਬਾਪਾ"(ਸ੍ਰੀ ਰਾਗ ਮ: ੫)।

ਅੰਦਰਿ: "ਹੁਕਮੈ ਅੰਦਰਿ ਸਭੁ ਕੋ, ਬਾਹਰਿ ਹੁਕਮ ਨ ਕੋਇ" (ਜਪੁਜੀ।

ਸੰਗਿ: "ਭਰੀਐ ਮਤਿ ਪਾਪਾ ਕੈ ਸੰਗਿ" (ਜਪੁਜੀ)।

ਸਾਥਿ: "ਨੀਚਾ ਅੰਦਰਿ ਨੀਚ ਜਾਤਿ ਨੀਚੀਹੂ ਅਤਿ ਨੀਚੁ। ਨਾਨਕੁ ਤਿਨਕੈ ਸੰਗਿ ਸਾਥਿ, ਵਡਿਆ ਸਿਉ ਕਿਆ ਰੀਸ" (ਸ੍ਰੀ ਰਾਗ ਮਹਲਾ ੧)।

ਨਾਲਿ: "ਮੂਰਖੈ ਨਾਲਿ ਨਾ ਲੁਝੀਐ"। "ਆਪੁ ਪਛਾੜਹਿ ਧਰਤੀ ਨਾਲਿ" (ਆਸਾ ਦੀ ਵਾਰ)

ਪਾਸਿ: "ਜਿਤੜੇ ਫਲ ਮਨਿ ਬਾਛੀਅਹਿ ਤਿਤੜੇ ਸਤਿਗੁਰ ਪਾਸਿ" (ਸ੍ਰੀ ਰਾਗ ਮਹਲਾ ੫)।

ਵਸਿ: "ਤ੍ਰੈ ਗੁਣ ਇਨਕੈ ਵਸਿ ਕਿਨੈ ਨ

ਮੋੜੀਐ" (ਵਾਰ ਗੂਜਰੀ ਮ: ੫)। "ਅੰਨ੍ਹੇ ਵਸਿ ਮਾਣਕੁ ਪਇਆ ਘਰਿ ਘਰਿ ਵੇਚਣੁ ਜਾਇ" (ਮ: ੩, ਵਾਰ ਸਾਰੰਗ)।

ਨਜੀਕਿ: "ਹੋਨਿ ਨਜੀਕਿ ਖੁਦਾਇ ਦੈ ਭੇਤੁ ਨ ਕਿਸੈ ਦੇਨ੍ਹਿ" (ਸਲੋਕ ਫਰੀਦ)।

ਬਰਾਬਰਿ: "ਪੰਡਿਤ ਸੂਰ ਛਤ੍ਰਪਤਿਰਾਜਾ, ਭਗਤ ਬਰਾਬਰਿ ਅਉਰੁ ਨ ਕੋਇ" (ਬਿਲਾਵਲ ਰਵਿਦਾਸ)।

ਗੈਲਿ: "ਉਨਕੀ ਗੈਲਿ ਤੋਹਿ ਜਿਨਿ ਲਾਗੈ"(ਆਸਾ ਕਬੀਰ)।

ਤੁਲਿ: "ਕਿਛੁ ਪੁੰਨ ਦਾਨੁ ਅਨੇਕ ਕਰਣੀ ਨਾਮ ਤੁਲਿ ਨ ਸਮਸਰੇ" (ਵਡਹੰਸ ਮਹਲਾ ੧)।

"ਕੀੜੀ ਤੁਲਿ ਨਾ ਹੋਵਨੀ ਜੇ ਤਿਸੁ ਮਨਹੁ ਨ ਵੀਸਰਹਿ" (ਜਪੁਜੀ)।

ਸਰਿ ( = ਬਰਾਬਰਿ): "ਹਮ ਸਰਿ ਦੀਨੁ,ਦਇਆਲੁ ਨ ਤੁਮ ਸਰਿ" (ਧਨਾਸਰੀ ਰਵਿਦਾਸ)।

ਸਿਰਿ ( = ਉਪਰਿ): "ਸਭਨਾ ਉਪਾਵਾ ਸਿਰਿ ਉਪਾਉ ਹੈ ਹਰਿ ਨਾਮੁ ਪਰਾਪਤਿ ਹੋਇ" ( ਮ: ੩, ਵਾਰ ਗੂਜਰੀ)।

ਇਸੇਤਰ੍ਹਾਂ ਹੋਰਨਾ ਸੰਬੰਧਕੀ ਪਦਾਂ ਦਾ ਹਾਲ ਹੈ; ਜਿਵੇਂ, ਭੀਤਰਿ, ਬੀਚਿ, ਅੰਤਰਿ, ਮੰਝਾਰਿ, ਮਹਿ, ਮਾਹਿ,

ਨਿਕਟਿ, ਆਦਿ,ਅੰਤਿ, ਵਲਿ, ਪਾਰਿ, ਸਮਸਰਿ, ਭਰਿ, ਆਦਿਕ।

(ਅ) ਨਾਵਾਂ ਦੇ ਅੰਤਵਿਚ ਸੰਬੰਧਕੀ ਚਿਨ੍ਹ ਵਜੋਂ— ਤੋਂ,ਰਾਹੀਂ,ਜਾਂ ਦ੍ਵਾਰਾ: "ਸਿਖੀ ਸਿਖਿਆ ਗੁਰ ਵੀਚਾਰਿ। ਨਦਰੀ ਕਰਮਿ ਲੰਘਾਏ ਪਾਰਿ" (ਆਸਾ ਦੀ ਵਾਰ); ਅਰਥਾਤ, ਸਿਖਾਂ ਨੇ ਗੁਰੂ ਦੀ ਵਿਚਾਰ ਦ੍ਵਾਰਾ ਸਿਖਿਆ ਹੈ ਕਿ ਸਵੱਲੀ ਨਜ਼ਰ ਵਾਲਾ ਵਾਹਿਗੁਰੂ ਆਪਣੀ ਬਖਸ਼ਿਸ਼ ਦ੍ਵਾਰਾ ਪਾਰ ਲੰਘਾਂਦਾ ਹੈ॥

"ਆਸ ਅੰਦੇਸੇ ਤੇ ਨਿਹਕੇਵਲੁ ਹਉਮੈ ਸਬਦਿ ਜਲਾਏ"(ਆਸਾ ਦੀ ਵਾਰ)। ਕਈਆਂ ਵਿਦਵਾਨਾਂ ਨੇ 'ਸਬਦਿ' ਪਦ ਦੇ ਅੰਤ ਦੀ ਸਿਹਾਰੀ ਦੇ ਭਾਵ ਨੂੰ ਨ ਜਾਣਦਿਆਂ ਹੋਇਆਂ ਅਰਥ ਕੀਤੇ ਹਨ ਕਿ 'ਹਉਮੈ ਦੇ ਸ਼ਬਦ ਨੂੰ ਜਲਾ ਦੇਂਦਾ ਹੈ'। ਪਰ ਠੀਕ ਅਰਥ ਇਹ ਹਨ ਕਿ ਗੁਰੂ ਦੇ ਸ਼ਬਦ ਦੇ ਰਾਹੀਂ ਆਪਣੀ ਹਉਮੈ ਨੂੰ ਸਾੜ ਦੇਵੇ। ਸਿਧ ਗੋਸ਼ਟਿ ਦੇ ਵੀਹਵੇਂ ਅੰਕ ਵਿਚ ਭੀ ਲਿਖਿਆ ਹੈ ਕਿ, "ਸਤਿਗੁਰਕੈ ਜਨਮੇ ਗਵਨੁ ਮਿਟਾਇਆ। ਅਨਹਤਿ ਰਾਤੇ ਇਹੁ ਮਨੁ ਲਾਇਆ। ਮਨਸਾ ਆਸਾ ਸਬਦਿ ਜਲਾਈ"। ਇਥੇ ਭੀ ਇਹੋ ਭਾਵ ਹੈ ਕਿ ਸਤਿਗੁਰੂਦੇ ਘਰ ਧਾਰਮਕ ਜਨਮ

ਲੈਣ ਨਾਲ ਭਟਕਣਾ ਮੁਕ ਗਈ, ਇਕਰਸ ਸ਼ਬਦ ਦੀ ਗੂੰਜ ਵਿਚ ਲਿਵ ਜੁੜਕੇ ਮਨ ਟਿਕ ਗਿਆ ਅਤੇ ਆਸਾ ਤੇ ਤ੍ਰਿਸ਼ਨਾ ਗੁਰ-ਬਾਣੀ ਦੂਰਾ ਸਾੜ ਦਿਤੀਆਂ। ਹੋਰ ਵੇਖੋ: "ਗੁਰ ਕੈ ਸਬਦਿ ਹਉਮੈ ਬਿਖ ਮਾਰੈ ਤਾ ਨਿਜ ਘਰਿ ਹੋਵੈ ਵਾਸੋ" (ਸਿਧਗੋਸਟਿ) ॥

"ਕਾਹੂ ਜੁਗਤਿ ਕਿਤੈ ਨ ਪਾਈਐ ਧਰਮਿ। ਨਾਨਕ ਤਿਸੁ ਮਿਲੈ ਜਿਸੁ ਲਿਖਿਆ ਧੁਰਿ ਕਰਮਿ"(ਸੁਖਮਨੀ)। ਇਨ੍ਹਾਂ ਤੁਕਾਂ ਦੇ ਅਰਥ ਕਰਨ ਵਿਚ ਕਈ ਵੇਰ ਭੁਲੇਖਾ ਪੈ ਜਾਂਦਾ ਹੈ। ਕਈ ਅਰਥ ਇਹ ਕਰਦੇ ਹਨ ਕਿ, ਕਿਸੇ ਤਰੀਕੇ ਨਾਲ ਕਿਧਰੇ ਧਰਮ ਨਹੀਂ ਮਿਲਦਾ। ਨਾਨਕ ਜੀ ਕਹਿੰਦੇ ਹਨ ਕਿ ਉਸਨੂੰ(ਧਰਮ)ਮਿਲਦਾ ਹੈ ਜਿਸਦੇ ਲੇਖਾਂ ਵਿਚ ਆਦ ਤੋਂ ਕਰਮ ਲਿਖਿਆ ਹੋਇਆ ਹੋਵੇ। "ਧਰਮਿ" ਅਤੇ "ਕਰਮਿ" ਪਦਾਂ ਦੇ ਨਾਲ ਸਿਹਾਰੀ ਨੂੰ ਮੁਖ ਰਖਕੇ ਠੀਕ ਅਰਥ ਇਹ ਹੋਣਗੇ: ਨਾਮ (ਜਿਸਦਾ ਉਤੇ ਜ਼ਿਕਰ ਚਲਾ ਆਇਆ ਹੈ) ਕਿਸੇ ਜੁਗਤੀ ਜਾਂ ਸੰਪਰਦਾ ਦੁਆਰਾ ਨਹੀਂ ਮਿਲਦਾ। ਇਹ ਨਾਮ ਉਸਨੂੰ ਮਿਲਦਾ ਹੈ ਜਿਸ ਲਈ ਧੁਰ ਤੋਂ ਬਖ਼ਸ਼ਸ਼ ਦੁਆਰਾ ਲਿਖਿਆ ਹੋਇਆ ਹੋਵੇ।

"ਹਿੰਦੂ ਸਾਲਾਹੀ ਸਾਲਾਹਨਿ ਦਰਸਨਿ ਰੂਪਿ ਅਪਾਰੁ"(ਆਸਾ ਦੀ ਵਾਰ) ਦਾ ਅਰਥ ਕਈ ਸਜਣ ਇਉਂ ਕਰਦੇ ਹਨ: ਕਿ ਹਿੰਦੂ ਸਲਾਘਾ ਕਰਨ ਵਾਲੇ ਸਲਾਹੁੰਦੇ ਹਨ ਦਰਸ਼ਣਾਂ ਨੂੰ ਤੇ ਮੂਰਤੀਆਂ ਦੇ ਸੁੰਦਰ ਰੂਪ ਨੂੰ। ਪਰ'ਦਰਸਨਿ' ਅਤੇ 'ਰੂਪਿ' ਦੇ ਅੰਤਲੇ ਅਖਰਾਂ ਨਾਲ ਸਿਹਾਰੀ ਦਾ ਆਉਣਾ ਇਸ ਅਰਥ ਨੂੰ ਖੰਡਨ ਕਰਦਾ ਹੈ। ਇਹ ਸਿਹਾਰੀ ਅਰਥਾਂ ਉਤੇ ਜ਼ੋਰ ਦੇਣ ਦੀ ਨਿਸ਼ਾਨੀ ਹੋ ਸਕਦੀ ਸੀ, ਪਰ ਉਹਦੇ ਵਿਚ ਰੋਕ ਇਹ ਹੈ ਕਿ ਉਸ ਹਾਲਤ ਵਿਚ 'ਦਰਸਨਿ'ਅਤੇ 'ਰੂਪਿ'ਫ਼ਾਇਲ ਅਰਥਾਤ ਕਰਤਾ ਕਾਰਕ ਵਿਚ ਹੋਣੇ ਚਾਹੀਦੇ ਹਨ(ਦੇਖੋ ਨੇਮ ੧੪)। ਪਰ ਉਹ ਹੈਣ ਨਹੀਂ। ਇਸ ਲਈ ਇਸ ਸਿਹਾਰੀ ਨੂੰ ਸੰਬੰਧਕ ਕਰਕੇ ਹੀ ਲੈਣਾ ਪਏਗਾ। ਤੁਕ ਦੇ ਅਰਥ ਇਹ ਹੋਣਗੇ : ਹਿੰਦੂ ਸਲਾਘਾ ਕਰਨ ਵਾਲੇ ਰੱਬ ਨੂੰ ਉਹਦੇ ਅਪਾਰ ਰੂਪ ਅਤੇ ਦਰਸ਼ਨ ਦੁਵਾਰਾ ਸਲਾਹੁੰਦੇ ਹਨ, ਅਰਥਾਤ ਉਸਦੀ ਸਲਾਘਾ ਉਸ ਦਰਸ਼ਨ ਅਤੇ ਰੂਪ ਨੂੰ ਮੁਖ ਰਖਕੇ ਕਰਦੇ ਹਨ ਜੋ ਸੰਸਾਰਕ ਅੱਖਾਂ ਤੋਂ ਪਰੇ ਹੈ; ਫਿਰ ਭੀ ਇਸ ਉਚੇ ਆਦਰਸ਼ ਨੂੰ ਭੁਲ ਕੇ ਤੀਰਥਾਂ ਉਤੇ ਭਟਕਦੇ ਫਿਰਦੇ ਹਨ

ਅਤੇ ਮੂਰਤੀ ਪੂਜਾ ਵਿਚ ਰੁਝੇ ਪਏ ਹਨ। ਇਸ ਤੋਂ ਅਗੇ ਜੋਗੀਆਂ ਬਾਬਤ ਭੀ ਇਹੋ ਜਹੀ ਵਿਚਾਰ ਕੀਤੀ ਹੋਈ ਹੈ। "ਜੋਗੀ ਸੁਨਿ ਧਿਆਵਨਿ ਜੇਤੇ" ਵਿਚ 'ਸੁਨਿ' ਦੇ ਅਰਥ 'ਸੁਨ ਨੂੰ' ਨਹੀਂ ਹੋ ਸਕਦੇ, ਬਲਕਿ 'ਸੁਨ ਦਵਾਰਾ' ਜਾਂ 'ਅਫੁਰ ਰੂਪ ਕਰਕੇ' ਹਨ। ਜਿਵੇਂ "ਨਾਨਕ ਇਹ ਗੁਣਿ ਨਾਮੁ ਸੁਖਮਨੀ" ਵਿਚ 'ਗੁਣਿ' ਦੇ ਅਰਥ 'ਗੁਣ ਕਰਕੇ' ਹਨ। ਇਸ ਅਰਥ ਦੀ ਸਹਾਇਤਾ ਲਈ ਦੇਖੋ ਇਕ ਹੋਰ ਤੁਕ: "ਕੋਕਿਲ ਹੋਵਾਂ ਅੰਬਿ ਬਸਾਂ ਸਹਜਿ ਸਬਦ ਬੀਚਾਰੁ। ਸਹਜਿ ਸੁਭਾਇ ਮੇਰਾ ਸਹੁ ਮਿਲੈ ਦਰਸਨਿ ਰੂਪਿ ਅਪਾਰੁ" (ਗਉੜੀ ਬੈਰਾਗਣਿ ਮ: ੧)॥

"ਮਨਿ ਮੁਖਿ ਸੂਚੇ ਜਾਣੀਅਹਿ ਗੁਰਮੁਖਿ ਜਿਨਾ ਗਿਆਨ" (ਸ੍ਰੀ ਰਾਗ ਮ: ੧); ਅਰਥਾਤ, ਮਨ ਦੁਆਰਾ ਤੇ ਮੁਖ ਦੁਆਰਾ ਉਹੀ ਸੁਚੇ ਕਹੇ ਜਾ ਸਕਦੇ ਹਨ ਜਿਨ੍ਹਾਂ ਨੂੰ ਗੁਰੂ ਦੁਆਰਾ ਗਿਆਨ ਪ੍ਰਾਪਤ ਹੋਇਆ ਹੈ। 'ਗੁਰਮੁਖਿ' ਦੇ ਮੁਕਾਬਲੇ ਉਤੇ ਜੋ 'ਮਨਮੁਖਿ' ਹੈ, ਉਹਦੇ ਨਨੇ ਨਾਲ ਸਿਹਾਰੀ ਨਹੀਂ ਹੁੰਦੀ। ਵੇਖੋ: "ਮਨਮੁਖਿ ਸੋਝੀ ਨ ਪਵੈ, ਗੁਰਮੁਖਿ ਸਦਾ ਹਜੂਰਿ" (ਸ੍ਰੀਰਾਗ ਮ: ੧)॥

"ਕਿਤੁ ਸੰਜਮਿ ਇਹ ਜਾਇ" (ਆਸਾ ਦੀ ਵਾਰ), ਕਿਸ ਰਹਿਣੀ ਦੁਾਰਾ ਇਹ (ਹਉਮੈ) ਜਾਂਦੀ ਹੈ ? ਇਸੇਤਰਾਂ "ਗੋਬਰਿ ਤਰਣੁ ਨ ਜਾਈ" ਅਤੇ "ਜਿਤੁ ਮੁਖਿ ਨਾਮੁ ਨ ਊਚਰਹਿ" ਵਿਚ ਸਿਹਾਰੀ ਦਾ ਅਰਥ 'ਰਾਹੀਂ' ਕਰੋ। "ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ" (ਧਨਾਸਰੀ ਮ: ੧), ਉਸਦੇ ਚਾਨਣੇ ਦੁਾਰਾ ਸ਼ਾਰਿਆਂ ਵਿਚ ਚਾਨਣਾ ਹੁੰਦਾ ਹੈ ॥

ਦੇਖੋ, "ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ" (ਆਸਾ ਦੀ ਵਾਰ) ਵਿਚ ਜਿਹੜਾ ਸ਼ਬਦ 'ਭੰਡੁ' ਨਾਂਵ ਹੈ, ਉਹਦੇ ਡਡੇ ਨਾਲ ਔਂਕੜ ਹੈ, ਅਤੇ ਜਿਸ 'ਭੰਡਿ' ਦਾ ਅਰਥ ਹੈ 'ਭੰਡ ਦਵਾਰਾ', ਉਹਦੇ ਡਡੇ ਨਾਲ ਸਿਹਾਰੀ ਹੈ ॥

ਵਿਚ: "ਨਾਨਕ ਗੁਰਪਰਸਾਦੀ ਛੁਟੀਐ ਜੇ ਚਿਤੁ ਲਗੈ ਸਚਿ" (ਮ: ੩, ਵਾਰ ਮਾਰੂ); ਅਰਥਾਤ, ਸਚ ਵਿਚ ॥

"ਚਹੁ ਜੁਗਿ ਮੈਲੇ ਮਲੁ ਭਰੇ ਜਿਨ ਮੁਖਿ ਨਾਮੁ ਨ ਹੋਇ" (ਸ੍ਰੀ ਰਾਗ ਮ: ੧)। ਇਥੇ 'ਚਹੁ ਜੁਗਿ' ਦੇ ਅਰਥ ਹਨ, ਚਹਵਾਂ ਜੁਗਾਂ ਵਿਚ, ਅਤੇ 'ਮੁਖਿ' ਦੇ ਅਰਥ ਹਨ, ਮੁਖ ਵਿਚ ॥

"ਸੁਣਿਐ ਲਾਗੈ ਸਹਜਿ ਧਿਆਨੁ" (ਜਪੁਜੀ); ਅਰਥਾਤ, ਗੁਰੂ ਦੀ ਸਿਖਿਆ ਸੁਣਨ ਤੋਂ ਸਹਜ (ਅਵਸਥਾ) ਵਿਚ ਧਿਆਨ ਲਗ ਜਾਂਦਾ ਹੈ ॥

"ਨੰਨਾ ਨਰਕਿ ਪਰਹਿ ਤੇ ਨਾਹੀ। ਜਾਕੈ ਮਨਿ ਤਨਿ ਨਾਮੁ ਬਸਾਹੀ" (ਬਾਵਨ ਅਖਰੀ); ਅਰਥਾਤ, ਉਹ ਨਰਕ ਵਿਚ ਨਹੀਂ ਪੈਂਦੇ, ਜਿਨ੍ਹਾਂ ਦੇ ਮਨ ਤੇ ਤਨ ਵਿਚ ਨਾਮ ਵਸਦਾ ਹੈ ॥

"ਕਾਹੇ ਰੇ ਮਨ ਚਿਤਵਹਿ ਉਦਮੁ ਜਾ ਆਹਰਿ ਹਰਿ ਜੀਉ ਪਰਿਆ" (ਗੂਜਰੀ ਮ: ੫); ਅਰਥਾਤ, ਹੇ ਮਨ ! ਤੂੰ ਕਿਉਂ ਫਿਕਰ ਕਰਦਾ ਹੈਂ, ਜਦ ਕਿ ਰੱਬ ਆਹਰ (ਯਤਨ) ਵਿਚ ਲਗਾ ਹੋਇਆ ਹੈ ? ਜਿਥੇ 'ਆਹਰੁ' ਕੇਵਲ ਨਾਂਵ ਹੈ ਅਤੇ ਸੰਬੰਧਕ ਦੀ ਲੋੜ ਨਹੀਂ, ਉਥੇ ਇਹਦੇ ਰਾਰੇ ਨਾਲ ਔਂਕੜ ਜਾਂ ਮੁਕਤਾ ਹੋਵੇਗਾ। ਜਿਵੇਂ : "ਕਰਜੁ ਉਤਾਰਿਆ ਸਤਿਗੁਰੂ ਕਰਿ ਆਹਰੁ ਆਪਿ" (ਬਿਲਾਵਲ ਮ: ੫)। ਇਸੇਤਰਾਂ ਆਸਾ ਦੀ ਵਾਰ ਦੀ ਤੇਰ੍ਹਵੀਂ ਪਉੜੀ ਦੇ ਪਹਿਲੇ ਸ਼ਲੋਕ ਵਿਚ'ਸਤਿਜੁਗਿ', "ਦੁਆਪਰਿ" ਅਤੇ"ਕਲਿਜੁਗਿ"ਸ਼ਬਦਾਂ ਦੇ

National Library Calcutta-27
3328 dt. 29.6.64. Re 1.50.

ਅੰਤ ਦੀ ਸਿਹਾਰੀ ਦਾ ਅਰਥ 'ਵਿਚ' ਹੈ॥

ਉਤੇ: "ਅਸੰਖ ਕਹਹਿ ਸਿਰਿ ਭਾਰੁ ਹੋਇ" (ਜਪੁਜੀ) ਦਾ ਅਰਥ ਕਈ ਸੱਜਨ ਇਉਂ ਕਰਦੇ ਹਨ ਕਿ ਅਣਗਿਣਤ ਲੋਕ ਸਿਰ ਭਾਰ ਹੋਕੇ ਆਖਦੇ ਹਨ (ਰੱਬ ਨੂੰ)। ਪਰ ਜੇ ਇਹ ਅਰਥ ਹੁੰਦੇ ਤਾਂ 'ਸਿਰਿ' ਦਾ ਰਾਰਾ ਖ਼ਾਲੀ ਹੋਂਦਾ ਅਤੇ ਸਿਹਾਰੀ 'ਭਾਰੁ' ਦੇ ਰਾਰੇ ਨਾਲ ਹੋਂਦੀ। ਜਿਵੇਂ ਆਸਾ ਦੀ ਵਾਰ ਵਿਚ ਲਿਖਿਆ ਹੈ: "ਭੈ ਵਿਚਿ ਇੰਦੁ ਫਿਰੈ ਸਿਰੁ ਭਾਰਿ", ਜਿਸਦੇ ਅਰਥ ਹਨ ਕਿ ਭੈ ਵਿਚ ਇੰਦੁ (ਬੱਦਲ) ਸਿਰ ਦੇ ਭਾਰ ਚਲਦਾ ਹੈ। ਇਥੇ 'ਭਾਰਿ' ਸੰਬੰਧਕੀ ਅਰਥ ਰਖਦਾ ਹੈ; ਪਰੰਤੂ ਜਪੁਜੀ ਵਾਲੀ ਤੁਕ ਵਿਚ 'ਸਿਰਿ' ਦੀ ਅੰਤਲੀ ਸਿਹਾਰੀ ਸੰਬੰਧਕੀ ਅਰਥ ਰਖਦੀ ਹੈ ਅਤੇ 'ਭਾਰੁ' ਨਾਂਵ ਹੈ, ਅਤੇ ਅਰਥ ਇਹ ਹਨ ਕਿ ਅਣਗਿਣਤ ਆਖਦਿਆਂ ਭੀ ਸਿਰ ਤੇ ਭਾਰ ਹੋਂਦਾ ਹੈ; ਅਰਥਾਤ, ਅਣਗਿਣਤ ਆਖਣਾ ਭੀ ਭੁਲ ਹੈ, ਕਿਉਂਕਿ ਹੋ ਸਕਦਾ ਹੈ ਕਿ ਕਈ ਚੀਜ਼ਾਂ ਦਾ ਸਮੂਹ ਸਾਡੀ ਗਿਣਨ ਸ਼ਕਤੀ ਤੋਂ ਬਾਹਰ ਹੋਵੇ, ਪਰ ਉਹ ਸਮੂਹ ਆਪ ਮਹਦੂਦ ਹੋਵੇ। ਜਿਵੇਂ ਰੇਤੜ

ਵਿਚ ਰੇਤ ਦੇ ਕਿਣਕੇ, ਜਾਂ ਸੂਰਜ ਦੀਆਂ ਰਿਸ਼ਮਾਂ । ਗੁਰੂ ਸਾਹਿਬ ਚਾਹੁੰਦੇ ਹਨ ਕਿ ਅਗਮ ਅਗਮ ਦਾ ਭਾਵ ਪ੍ਰਗਟ ਹੋਵੇ, ਜੋ ਸ਼ਬਦ 'ਅਸੰਖ' ਤੋਂ ਪੂਰੇ ਤੌਰ ਤੇ ਨਹੀਂ ਹੋ ਸਕਦਾ ॥

"ਵਿਸਰਿਆ ਜਿਨ੍ ਨਾਮੁ ਤੇ ਭੁਇ ਭਾਰੁ ਥੀਏ" (ਆਸਾ ਫਰੀਦ) ਦਾ ਇਹ ਅਰਥ ਹੈ ਕਿ ਜਿਨ੍ਹਾਂ ਨੂੰ ਨਾਮ ਭੁਲ ਗਿਆ ਹੈ, ਉਹ ਧਰਤੀ ਉਤੇ ਭਾਰ ਹਨ । ਇਹਦਾ ਅਰਥ ਇਹ ਨਹੀਂ ਕਿ ਉਹ ਜਿਮੀਂ ਪਰਨੇ ਹੋ ਗਏ ਹਨ ॥

"ਨਾਨਕ ਭਾਵੈ ਪਾਰਬ੍ਰਹਮ ਪਾਹਨ ਨੀਰਿ ਤਰੇ"(ਬਾਵਨ ਅਖਰੀ); ਅਰਥਾਤ,ਜੇ ਪਾਰ-ਬ੍ਰਹਮ ਨੂੰ ਭਾਵੇ ਤਾਂ ਪੱਥਰ ਨੀਰ (ਪਾਣੀ) ਉਤੇ ਤਰ ਪੈਂਦੇ ਹਨ ॥

"ਤਖਤਿ ਰਾਜਾ ਸੋ ਬਹੈ ਜਿ ਤਖਤੈ ਲਾਇਕ ਹੋਈ" (ਮ: ੩, ਵਾਰ ਮਾਰੂ)। ਇਥੇ'ਤਖਤਿ' ਦੇ ਅਰਥ ਹਨ, 'ਤਖਤ ਉਤੇ' ॥

"ਜਿਤੁ ਤਨਿ ਪਾਇਅਹਿ ਨਾਨਕਾ ਸੇ ਤਨ ਹੋਵਹਿ ਛਾਰ" (ਆਸਾ ਦੀ ਵਾਰ)। ਇਥੇ ਪਹਿਲੇ 'ਤਨਿ' ਦੇ ਅਰਥ ਹਨ,'ਤਨ ਉਤੇ'॥

ਤੋਂ ਜਾਂ ਥੋਂ: "ਧੁਰਿ ਕਰਮੁ ਜਿਨਾ ਕਉ ਤੁਧੁ ਪਾਇਆ" (ਆਸਾ ਦੀ ਵਾਰ)।

"ਧੁਰਿ ਮਾਰੇ ਪੂਰੈ ਸਤਿਗੁਰੂ, ਸੇਈ ਹੁਣਿ ਸਤਿਗੁਰਿ ਮਾਰੇ" (ਵਾਰ ਗਉੜੀ ਮ: ੪)। ਇਨ੍ਹਾਂ ਦੋਹਾਂ ਤੁਕਾਂ ਵਿਚ 'ਧੁਰਿ' ਦੇ 'ਅਰਥ 'ਧੁਰ ਤੋਂ' ਹਨ। ਪਰ ਜਿਥੇ ਸੰਬੰਧਕੀ ਪਦ ਵਖਰਾ ਦਿਤਾ ਹੋਂਦਾ ਹੈ, ਉਥੇ 'ਧੁਰ' ਦੇ ਰਾਰੇ ਨਾਲ ਸਿਹਾਰੀ ਨਹੀਂ ਹੋਂਦੀ। ਜਿਵੇਂ: "ਧੁਰ ਕੀ ਬਾਣੀ ਆਈ" (ਸੋਰਠਿ ਮ: ੫)॥

"ਜੇ ਹੋਵੈ ਪੂਰਬਿ ਲਿਖਿਆ" (ਆਸਾ ਦੀ ਵਾਰ) ਵਿਚ 'ਪੂਰਬਿ'ਦੇ ਅਰਥ 'ਪੂਰਬ ਤੋਂ', 'ਪਿਛੇ ਤੋਂ' ਹਨ॥

ਨੂੰ ਜਾਂ ਵਲਿ: "ਨੰਗਾ ਦੋਜਕਿ ਚਾਲਿਆ ਤਾ ਦਿਸੈ ਖਰਾ ਡਰਾਵਣਾ" (ਆਸਾ ਦੀ ਵਾਰ), ਦੋਜਕ ਨੂੰ ਚਲਿਆ॥

"ਦੇਂਦਾ ਨਰਕਿ ਸੁਰਗਿ ਲੈਂਦੇ, ਦੇਖਹੁ ਇਹੁ ਧਿਙਾਣਾ" (ਮ: ੧, ਵਾਰ ਮਲਾਰ)॥

ਤਕ,ਤੋੜੀ: "ਅਸਮਾਨਿ ਕਿਆੜਾ ਛਿਕਿਓਨੁ" (ਵਾਰ ਸਤਾ ਬਲਵੰਡ);ਅਸਮਾਨ ਤੱਕ ਚੋਟੀ ਖਿਚਕੇ ਲੈ ਗਿਆ॥

ਨਾਲ: "ਝਖੜਿ ਵਾਉ ਨ ਡੋਲਈ ਪਰਬਤ ਮੇਰਾਣੁ" ( ਵਾਰ ਸਤਾ ਬਲਵੰਡ ), ਗੁ

ਅਮਰਦਾਸ ਮੇਰੂ ਪਹਾੜ ਵਾਂਙਣ ਹੈ, ਉਹ ਝੱਖੜ ਹਵਾ ਨਾਲ ਨਹੀਂ ਡੋਲਦਾ।'

"ਜੁਜ ਮਹਿ ਜੋਰਿ ਛਲੀ ਚੰਦ੍ਰਾਵਲਿ ਕਾਨ੍ਹ ਕਿਸਨੁ ਜਾਦਮੁ ਭਇਆ। ਪਾਰਜਾਤੁ ਗੋਪੀ ਲੈ ਆਇਆ ਬਿੰਦ੍ਰਾਬਨ ਮਹਿ ਰੰਗੁ ਕੀਆ" (ਆਸਾ ਦੀ ਵਾਰ)। ਕਈ ਸਜਣ ਇਨ੍ਹਾਂ ਤੁਕਾਂ ਦੇ ਅਰਥ ਇਉਂ ਕਰਦੇ ਹਨ: ਯਜੁਰ (ਵੇਦ ਦੇ ਸਮੇਂ ਦ੍ਵਾਪਰ)ਵਿਚ ਜੋਰ ਵਾਲਾ ਛਲੀਆ ਚੰਦ੍ਰਬੰਸੀ ਕਾਨ੍ਹ ਨਾਮੀ ਕ੍ਰਿਸ਼ਨ ਯਾਦਵੰ ਕੌਮ ਦਾ ਹੋਇਆ, ਜੋ ਜਮਨਾ ਦੇ ਪਾਰ ਜਾਕੇ ਗੋਪੀਆਂ ਲਿਆਉਂਦਾ ਤੇ ਬਿੰਦ੍ਰਾਬਨ ਵਿਚ ਰਾਸ ਮਚਾਉਂਦਾ ਸੀ। ਇਹ ਅਰਥ ਸਿਹਾਰੀ ਦੇ ਨੇਮਾਂ ਦੇ ਉਲਟ ਹਨ। 'ਜੋਰਿ' ਦੇ ਅਰਥ ਹਨ 'ਜੋਰ ਨਾਲ'; ਜੋਰ ਵਾਲਾ ਨਹੀਂ ਹੋ ਸਕਦੇ। 'ਚੰਦ੍ਰਾਵਲਿ' ਦੇ ਲਲੇ ਦੀ ਸਿਹਾਰੀ ਇਸਤ੍ਰੀ ਲਿੰਗ ਦੀ ਨਿਸ਼ਾਨੀ ਹੈ (ਦੇਖੋ ਨੇਮ ੧੨)। 'ਪਾਰਜਾਤੁ' ਦੇ ਅਰਥ 'ਪਾਰ ਜਾਕੇ' ਤਾਂ ਹੋਂਦੇ, ਜੇਕਰ ਇਹ ਸ਼ਬਦ 'ਪਾਰਿ ਜਾਇ' ਹੋਂਦਾ। ਦਸ਼ਾ ਜਾਂ ਸਥਾਨ ਵਾਚਕ ਸੰਬੰਧਕੀ ਸ਼ਬਦਾਂ ਦੇ ਅੰਤ ਵਿਚ ਸਿਹਾਰੀ ਦਾ ਆਉਣਾ ਜ਼ਰੂਰੀ ਹੈ। ਯਥਾ:—"ਗੁਰ ਸਬਦੀ ਪਾਰਿ ਉਤਰੀਐਰੇ" (ਆਸਾ ਮ: ੫)। ਇਸ ਲਈ

'ਪਾਰ' ਦੀ ਥਾਂ 'ਪਾਰਿ' ਹੋਣਾ ਚਾਹੀਦਾ ਸੀ। 'ਪਾਰ' ਦਾ ਰਾਰਾ ਮੁਕਤਾ ਜਾਂ ਔਂਕੜ ਵਾਲਾ ਤਦੋਂ ਹੋਂਦਾ ਹੈ ਜਦੋਂ 'ਪਾਰ' ਨਾਂਵ ਹੋਵੇ। ਯਥਾ: "ਲਹੈ ਨ ਪਾਰੁ ਰੀ" (ਧਨਾਸਰੀ ਤ੍ਰਿਲੋਚਨ)। ਇਨ੍ਹਾਂ ਔਂਕੜਾਂ ਨੂੰ ਮੁਖ ਰਖਕੇ ਇਨ੍ਹਾਂ ਤੁਕਾਂ ਦੇ ਅਰਥ ਇਹ ਹੋਣੇ ਚਾਹੀਦੇ ਹਨ: ਯਜੁਰ (ਵੇਦ ਦੇ ਸਮੇਂ ਦੁਆਪਰ) ਵਿਚ ਜੋ ਕਾਨ੍ਹ ਕ੍ਰਿਸ਼ਨ ਜਾਦਵ ਹੋਇਆ, ਉਸਨੇ ਚੰਦ੍ਰਾਵਲੀ ਨੂੰ ਜੋਰ ਨਾਲ ਛਲਿਆ। ਉਹ ਆਪਣੀ ਗੋਪੀ (ਸਤਭਾਮਾ) ਲਈ ਪਾਰਜਾਤੁ (ਦਾ ਬ੍ਰਿਛ ਇੰਦ੍ਰ ਦੇ ਬਾਗ ਵਿਚੋਂ) ਲੈ ਆਇਆ। ਉਸ ਬਿੰਦ੍ਰਾਬਨ ਵਿਚ ਚੋਜ ਕੀਤੇ (ਦੇਖੋ ਦਸਮ ਸਕੰਦ ਭਾਗਵਤ)।

"ਜਿਉ ਪਾਵਕੁ ਈਧਨਿ ਨਹੀਂ ਧ੍ਰਾਪੈ" (ਸੁਖਮਨੀ), ਜਿਵੇਂ ਅੱਗ ਬਾਲਣ ਨਾਲ ਨਹੀਂ ਰਜਦੀ॥

"ਕਾਮਿ ਕ੍ਰੋਧਿ ਨਗਰੁ ਬਹੁ ਭਰਿਆ" (ਕੀਰਤਨ ਸੋਹਿਲਾ), ਕਾਮ ਅਤੇ ਕ੍ਰੋਧ ਨਾਲ (ਦੇਹੀ ਦਾ) ਨਗਰ ਬਹੁਤ ਭਰਿਆ ਹੋਇਆ ਹੈ।

"ਜਿਉ ਸਾਬੁਣਿ ਕਾਪਰ ਊਜਲ ਹੋਤ" (ਰਾਮਕਲੀ ਮ: ੫), ਸਾਬਣ ਨਾਲ।

"ਭੈ ਵਿਚਿ ਧਰਤੀ ਦਬੀ ਭਾਰਿ" (ਆਸਾ ਦੀ ਵਾਰ), ਭਾਰ ਨਾਲ ॥

"ਕੀਮਤਿ ਕਿਨੈ ਨ ਪਾਈਆ ਕਹਣਿ ਨ ਵਡਾ ਹੋਇ" (ਸ੍ਰੀ ਰਾਗ ਮ: ੧), ਕਹਣ ਨਾਲ ਵਡਾ ਨਹੀਂ ਹੋਂਦਾ ॥

ਲਈ, ਹੇਤ, ਨੂੰ : ਭਾਵਾਰਥ Infinitive) ਦੇ ਅੰਤਲੇ ਣਾਣੇ ਜਾਂ ਨਨੇ ਨਾਲ ਆਉਂਦੀ ਹੈ। ਯਥਾ—

"ਜਾਪਹਿ ਜਾਉ ਆਪੁ ਛੁਟਕਾਵਨਿ ਤੇ ਬਾਧੇ ਬਹੁ ਫੰਧਾ" (ਗਉੜੀ ਕਬੀਰ), ਜਿਨ੍ਹਾਂ ਕੋਲ ਜਾਂਦਾ ਹਾਂ ਆਪਣੇ ਛੁਡੌਣ ਨੂੰ, ਉਹ ਆਪ ਬਹੁਤੇ ਫੰਧਿਆਂ ਵਿਚ ਬੰਨ੍ਹੇ ਪਏ ਹੋਂਦੇ ਹਨ ॥

"ਆਖਣਿ ਅਉਖਾ ਸਾਚਾ ਨਾਉ" (ਆਸਾ ਮ: ੧), ਆਖਣ ਨੂੰ ਅਉਖਾ ਹੈ ਸਚਾ ਨਾਮ ॥

"ਅੰਤੁ ਨ ਕਰਣੈ, ਦੇਣਿ ਨ ਅੰਤੁ" (ਜਪੁਜੀ), "ਜੋਰੁ ਨ ਮੰਗਣਿ, ਦੇਣਿ ਨ ਜੋਰੁ" (ਜਪੁਜੀ) ਵਿਚ ਸਿਹਾਰੀ ਸੰਬੰਧਕੀ ਚਿੰਨ੍ਹ ਹੈ ਭਾਵਾਰਥਾਂ ਨਾਲ, ਜੋ ਨਾਂਵਾਂ ਵਾਕਰ ਵਰਤੇ ਗਏ ਹਨ ॥ ਇਸੇਤਰਾਂ, "ਬਿਗਸਿਓ ਪੇਖਿ ਰੰਗੁ ਕਸੁੰਭ ਕੋ ਪਰਗ੍ਰਿਹ ਜੋਹਨਿ ਜਾਇਓ"(ਟੋਡੀ ਮ: ੫)। "ਸਤਿਗੁਰ ਸਿਉ ਆਲਾਇ ਬੇੜੇ ਡੁਬਣਿ ਨਾਹਿ ਭਿ" (ਮ:੧, ਸਲੋਕ ਵਾਰਾਂ ਤੇ ਵਧੀਕ)।

"ਜਾਕੈ ਹਰਿ ਸਾ ਠਾਕੁਰੁ ਭਾਈ। ਮੁਕਤਿ ਅਨੰਤ ਪੁਕਾਰਣਿ ਜਾਈ"(ਗਉੜੀਕਬੀਰ)॥ "ਸੰਤਾ ਕੇ ਕਾਰਜਿ ਆਪਿ ਖਲੋਇਆ ਹਰਿ ਕੰਮੁ ਕਰਾਵਣਿ ਆਇਆ ਰਾਮ" (ਸੂਹੀ ਮਹਲਾ ੫)॥

੩. ਸਿਹਾਰੀ ਸਥਾਨ-ਵਾਚਕ ਕਿਰਿਆ-ਵਿਸ਼ੇਸ਼ਣਾਂ (adverbs) ਨਾਲ ਭੀ ਉਸੇਤਰਾਂ ਆਇਆ ਕਰਦੀ ਹੈ, ਜਿਵੇਂ ਸੰਬੰਧਕਾਂ ਨਾਲ। ਬਲਕਿ ਅਕਸਰ ਉਹੋ ਸੰਬੰਧਕਾਂ ਕਿਰਿਆ-ਵਿਸ਼ੇਸ਼ਣਾਂ ਦਾ ਕੰਮ ਦਿੰਦੀਆਂ ਹਨ, ਜਦੋਂ ਉਨ੍ਹਾਂ ਨਾਲ ਸੰਬੰਧੀ ਨਾਂਵ ਨਹੀਂ ਹੋਂਦੇ ਜਾਂ ਲੋਪ ਹੋਂਦੇ ਹਨ। ਯਥਾ:

ਵਿਚਿ : "ਧਨ ਪਿਰ ਕਾ ਇਕ ਹੀ ਸੰਗਿ ਵਾਸਾ, ਵਿਚਿ ਹਉਮੈ ਭੀਤਿ ਕਰਾਰੀ" (ਮ: ੪, ਮਲਾਰ)।

ਅੰਤਰਿ, ਬਾਹਰਿ, ਸਾਥਿ : "ਮਾਰਿ ਆਪੇ ਜੀਵਾਲਦਾ ਅੰਤਰਿ ਬਾਹਰਿ ਸਾਥਿ" (ਸ੍ਰੀ ਰਾਗ ਮ: ੫)।

ਸੰਗਿ : "ਇਆ ਡੇਰਾ ਕਉ ਸੂਮ ਕਰਿ ਘਾਲੈ। ਜਾਕਾ ਤਸੂ ਨਹੀਂ ਸੰਗਿ ਚਾਲੈ" (ਬਾਵਨ ਅਖਰੀ, ਮ: ੫)।

ਨਾਲਿ : "ਹਰਿ ਅੰਤਰਿ ਬਾਹਰਿ ਨ ਹੈ" (ਬਿਹਾਗੜਾ ਮ: ੪)।

ਦੂਰਿ,ਮੰਝਿ : "ਆਪੇ ਨੇੜੈ, ਦੂਰਿ ਆਪੇਹੀ, ਆਪੇ ਮੰਝਿ ਮਿਆਨੋ" (ਸ੍ਰੀ ਰਾਗ ਮ: ੧)।

ਨੇੜਿ, ਫਿਰਿ, ਬਹੁੜਿ : "ਜਮ ਕੰਕਰੁ ਨੇੜਿ ਨ ਆਵਈ, ਫਿਰਿ ਬਹੁੜਿ ਨ ਮਰੀਐ" (ਵਾਰ ਗਉੜੀ ਮ: ੫)।

ਤਲਿ ( – ਤਲੇ), ਉਪਰਿ : "ਡੁਬਿ ਮੁਏ ਬਗੁ ਬਪੁੜੇ ਸਿਰੁ ਤਲਿ ਉਪਰਿ ਪਾਉ" (ਸਲੋਕ ਫਰੀਦ ੧੨੨ ਅਤੇ ਸਲੋਕ ਮ: ੩ ਵਾਰ ਵਡਹੰਸ)।

ਬਾਹਰਿਵਾਰਿ : "ਖਰੇ ਖਜਾਨੈ ਪਾਈਅਹਿ, ਖੋਟੇ ਸਟੀਅਹਿ ਬਾਹਰਿਵਾਰਿ" (ਵਾਰ ਮਾਝ ਮ: ੧)।

ਹਦੂਰਿ : "ਦੇਖੈ ਸੁਣੈ ਹਦੂਰਿ ਸਦ ਘਟਿ ਘਟਿ ਬ੍ਰਹਮੁ ਰਵਿੰਦੁ" (ਸ੍ਰੀ ਰਾਗ ਮ: ੫)।

ਉਰਵਾਰਿ, ਪਾਰਿ : "ਨਾਨਕ ਨਾਮ ਵਿਹੂਣਿਆ ਨਾ ਉਰਵਾਰਿ ਨ ਪਾਰਿ" (ਮ:੩,ਵਾਰ ਸੋਰਠਿ)।

ਵਲਿ : "ਜਾ ਕਰਤਾ ਵਲਿ, ਤਾ ਸਭੁ ਕੋ ਵਲਿ" (ਮ: ੪, ਵਾਰ ਗਉੜੀ)।

ਓੜਕਿ : "ਕੂੜ ਨਿਖੁਟੇ ਨਾਨਕਾ ਓੜਕਿ ਸਚਿ ਰਹੀ" (ਮ: ੧,ਵਾਰ ਰਾਮਕਲੀ)।

ਆਦਿ, ਮਧਿ, ਅੰਤਿ : "ਆਦਿ ਮਧਿ ਅੰਤਿ ਪ੍ਰਭੁ ਸੋਈ ਸੁੰਦਰ ਗੁਰ ਗੋਪਾਲਾ" (ਆਸਾ ਛੰਤ ਮ:੫)।

ਪਾਸਿ : "ਵਸਤੂ ਅੰਦਰਿ ਵਸਤੁ ਸਮਾਵੈ ਦੂਜੀ ਹੋਵੈ ਪਾਸਿ" (ਆਸਾ ਦੀ ਵਾਰ)।

ਨਿਦਾਨਿ : "ਮਾਇਆ ਕਾ ਰੰਗੁ ਸਭੁ ਫਿਕਾ, ਜਾਤੋ ਬਿਨਸਿ ਨਿਦਾਨਿ" (ਸ੍ਰੀ ਰਾਗ ਮ: ੫)।

ਮੂਲਿ : 'ਮੰਦਾ ਮੂਲਿ ਨ ਕੀਚਈ ਦੇ ਲੰਮੀ ਨਦਰਿ ਨਿਹਾਲੀਐ" (ਆਸਾ ਦੀ ਵਾਰ)।

"ਐਬ ਤਨਿ ਚਿਕੜੋ, ਇਹੁ ਮਨੁ ਮੀਡਕੋ, ਕਮਲ ਕੀ ਸਾਰ ਨਹੀਂ ਮੂਲਿ ਪਾਈ" (ਸ੍ਰੀ ਰਾਗ ਮ. ੧)।

ਵਖਿ : "ਓਥੈ ਸਚੋ ਹੀ ਸਚਿ ਨਿਬੜੈ, ਚੁਣਿ ਵਖਿ ਕਢੇ ਜਜਮਾਲਿਆ" (ਆਸਾ ਦੀ ਵਾਰ)।

ਕਈ ਵੇਰ ਕਾਲਵਾਚੀ ਕ੍ਰਿਆ-ਵਿਸ਼ੇਸ਼ਣ ਨਾਂਵ ਕਰਕੇ ਵਰਤੇ ਹੋਂਦੇ ਹਨ ਅਤੇ ਉਨ੍ਹਾਂ ਦੇ ਅੰਤ ਵਿਚ ਸਥਾਨਵਾਚੀ ਸਿਹਾਰੀ ਲਗੀ ਹੋਂਦੀ ਹੈ:–

ਬੇਗਿ ( = ਛੇਤੀ) : "ਜੌਕਰਿ ਪਾਚਨੁ ਏਗਿ ਨ ਪਾਵੈ, ਝਗਰੁ ਕਰੈ ਘਰ ਹਾਈ" (ਗਉੜੀ ਪੂਰਬੀ ਕਬੀਰ); ਅਰਥਾਤ, ਜੇਕਰ ਖੁਰਾਕ ਛੇਤੀ ਨ ਮਿਲੈਸੁ।

ਹੁਣਿ : "ਬਾਉ ਨ ਹੋਵੀ ਪਉਦੀਈ, ਹੁਣਿ ਸੁਣੀਐ ਕਿਆ ਰੂਆਇਆ" (ਆਸਾ ਦੀ ਵਾਰ)।

"ਹੁਣਿ ਉਠਿ ਚਲਣਾ ਮੁਹਤਿ ਕਿ ਤਾਲਿ" (ਧਨਾਸਰੀ ਮ: ੧) । 'ਹੁਣਿ', 'ਮੁਹਤਿ' ਅਤੇ 'ਤਾਲਿ' ਵਿਚ ਸਿਹਾਰੀ ਸੰਬੰਧਕੀ ਚਿੰਨ੍ਹ ਹੈ। 'ਤਾਲ' ਗਾਉਣ ਵੇਲੇ

ਸਮੇ ਦੀ ਕ੍ਰਿਯਾ ਦਾ ਇਕ ਮਾਪ ਹੈ।
"ਹੁਣਿ ਨਹੀ ਸੰਦੇਸਰੋ ਮਾਇਓ" (ਸੋਰਠਿ ਮ: ੫)।

ਅਬਿ : "ਬਹੁਤੇ ਫੇਰ ਪਏ ਕਿਰਪਨ ਕਉ, ਅਬਿ ਕਿਛੁ ਕਿਰਪਾ ਕੀਜੈ" (ਧਨਾਸਰੀ ਮ: ੩)।

ਕਦਿ : "ਕਦਿ ਪਾਵਉ ਸਾਧ ਸੰਗੁ"(ਧਨਾਸਰੀਮ:੫)।

ਜਦਿ : "ਦੂਖ ਤਦੇ ਜਦਿ ਵੀਸਰੈ"(ਬਿਲਾਵਲੁਮ:੫)।

ਵਤਿ(ਫਿਰਿ) : "ਫਰੀਦਾ ਏਹੋ ਪਛੋਤਾਉ ਵਤਿ ਕੁਆਰੀ ਨ ਥੀਐ" (ਸਲੋਕ)।

ਇਸੇਤ੍ਰਾਂ, ਫੇਰਿ, ਬਾਹੁੜਿ, ਬਹੁਰਿ, ਫੁਨਿ, ਪੁਨਰਪਿ, ਨਿਕਟਿ, ਬੀਚਿ, ਮੰਝਾਰਿ,ਨਿਰੰਤਰਿ, ਭਿਨਿ,ਓੜਿ, ਊਪਰਿ, ਹੇਠਿ, ਹਜੂਰਿ, ਤਤਕਾਲਿ, ਆਸਿ ਪਾਸਿ, ਆਦਿਕ ਕਿਰਿਆ-ਵਿਸ਼ੇਸ਼ਣਾਂ ਦੇ ਅੰਤ ਵਿਚ ਸਿਹਾਰੀ ਆਉਂਦੀ ਹੈ। ਹੋਰ ਭੀ ਸ਼ਬਦ ਇਕੈਹਰੇ ਜਾਂ ਦੂਹਰੇ ਜੋ ਉਪਰ ਦਸੇ ਕਿਰਿਆ-ਵਿਸ਼ੇਸ਼ਣਾਂ ਵਾਕਰ ਵਰਤੇ ਜਾਂਦੇ ਹਨ, ਉਨ੍ਹਾਂ ਨਾਲ ਸਿਹਾਰੀ ਆਉਂਦੀ ਹੈ; ਜਿਵੇਂ-ਝਿਮਿ ਝਿਮਿ, ਠਿਮਿ ਠਿਮਿ, ਮੁਸਿ ਮੁਸਿ, ਮਪਿ ਮਪਿ, ਵਲਿ ਵਲਿ, ਰਸਕਿ ਰਸਕਿ, ਆਦਿਕ।

**੪.** ਯਾਦ ਰਹੇ ਕਿ ਜਦ ਇਹੋ ਸ਼ਬਦ, ਜੋ ਉਤੇ ਸੰਬੰਧਕ ਜਾਂ ਕਿਰਿਆ-ਵਿਸ਼ੇਸ਼ਣ ਕਰਕੇ ਦਸੇ ਗਏ ਹਨ, ਨਾਂਵ ਕਰਕੇ ਆਉਂਦੇ ਹਨ, ਤਾਂ ਇਨ੍ਹਾਂ ਦੇ ਅੰਤ ਵਿਚ ਸਿਹਾਰੀ ਨਹੀਂ ਹੋਂਦੀ। ਕਿਉਂਕਿ ਇਹ ਸਿਹਾਰੀ ਸੰਬੰਧਕੀ ਰੂਪ ਦੇਣ

ਲਈ ਹੀ ਹੋਂਦੀ ਹੈ। ਜਦ ਸ਼ਬਦ ਹੀ ਨਾਂਵ ਹੋਵੇਗਾ, ਤਾਂ ਉਹਦਾ ਰੂਪ ਭੀ ਨਾਵਾਂ ਵਾਲਾ ਚਾਹੀਏ। ਯਥਾ—

ਬਾਹਰ : "ਬਾਹਰ ਕਾ ਮਾਸੁ ਮੰਦਾ, ਸੁਆਮੀ, ਘਰ ਕਾ ਮਾਸੁ ਚੰਗੇਰਾ" (ਮ: ੧, ਵਾਰ ਮਲਾਰ)। ਇਸ ਤੁਕ ਵਿਚ 'ਬਾਹਰ' 'ਘਰ' ਦੇ ਮੁਕਾਬਲੇ ਤੇ ਨਾਂਵ ਕਰਕੇ ਆਇਆ ਹੈ, ਅਤੇ ਸੰਬੰਧਕੀ ਚਿੰਨ੍ਹ ਦੀ ਥਾਂ ਇਕ ਵਖਰਾ ਪਦ 'ਕਾ' ਵਰਤਿਆ ਹੋਇਆ ਹੈ, ਇਸ ਲਈ 'ਬਾਹਰ' ਦਾ ਰਾਰਾ ਖਾਲੀ ਹੈ, ਜਾਂ ਇਹਦੇ ਨਾਲ ਔਂਕੜ ਆ ਸਕਦਾ ਸੀ ॥

"ਜਿਨਕੈ ਹਿਰਦੈ ਮੈਲੁ ਕਪਟੁ ਹੈ, ਬਾਹਰੁ ਧੋਵਾਇਆ" (ਮ: ੪, ਵਾਰ ਸਾਰੰਗ)। 'ਬਾਹਰੁ' ਦੇ ਅਰਥ ਹਨ 'ਬਾਹਰਲਾ ਪਾਸਾ', ਜੋ ਨਾਂਵ ਹੈ।

"ਹੁਕਮੁ ਭਇਆ ਬਾਹਰੁ ਘਰੁ ਛੋਡਿਆ" (ਸੋਰਠਿ ਮ: ੧)। ਇਥੇ ਭੀ ਘਰੁ ਬਾਹਰੁ ਨਾਂਵ ਹਨ।

"ਬਾਹਰੁ ਉਦਕਿ ਪਖਾਰੀਐ" (ਗਉੜੀ ਬੈਰਾਗਣਿ, ਰਵਿਦਾਸ); ਅਰਥਾਤ, ਬਾਹਰੁ ਨੂੰ ਪਾਣੀ ਨਾਲ ਧੋਵੀਏ ॥

ਰੁ : "ਅੰਦਰੁ ਵਿਧਾ ਸਚਿ ਨਾਇ ਬਾਹਰਿ ਭੀ ਸਚੁ ਡਿਠੋਮਿ" (ਮ: ੫, ਵਾਰ ਰਾਮਕਲੀ),

ਜਦ ਆਪਣਾ ਅੰਦਰਾ ਸਚੇ ਨਾਮ ਨਾਲ ਵਿਨ੍ਹਿਆ, ਤਾਂ ਬਾਹਰ ਭੀ ਸਚ ਦੇਖਿਆ ॥

ਅੰਤਰੁ : ਜਦੋਂ 'ਅੰਤਰਿ' ਦਾ ਅਰਥ ਅੰਦਰ ਜਾਂ ਵਿਚ ਹੋਂਦਾ ਹੈ, ਤਾਂ ਇਸਦੇ ਅੰਤ ਵਿਚ ਸਿਹਾਰੀ ਹੋਂਦੀ ਹੈ। ਪਰ ਜਦੋਂ ਇਹਦਾ ਅਰਥ ਭੇਦ ਜਾਂ ਅੰਦਰਾ ਹੁੰਦਾ ਹੈ, ਤਾਂ ਇਹਦਾ ਅੰਤਲਾ ਰਾਰਾ ਮੁਕਤਾ ਜਾਂ ਔਂਕੜ ਵਾਲਾ ਹੋਂਦਾ ਹੈ। ਯਥਾ: "ਤਨੁ ਮਨੁ ਦੇਇ ਨ ਅੰਤਰੁ ਰਾਖੈ" (ਸੂਹੀ, ਰਵਿਦਾਸ)। "ਬਾਹਰੁ ਧੋਇ ਅੰਤਰੁ ਮਨੁ ਮੈਲਾ" (ਆਸਾ ਮ: ੫) ॥

ਉਰਵਾਰ,ਪਾਰ : "ਉਰਵਾਰ ਪਾਰ ਕੇ ਦਾਨੀਆ ਲਿਖਿ ਲੇਹੁ ਆਲਪਤਾਲ" (ਗਉੜੀ ਬੈਰਾਗਣਿ, ਰਵਿਦਾਸ), ਇਸ ਸੰਸਾਰ ਤੇ ਅਗਲੇ ਜਹਾਨ ਦੀ ਜਾਣਨ ਵਾਲਿਓ (ਚਿਤ੍ਰ ਗੁਪਤੋ ! ) ਤੁਸੀ ਬੇਸ਼ਕ ਲਿਖੋ ਪਏ ਊਲ ਜਲੂਲ । ਇਥੇ ਉਰਵਾਰ ਅਤੇ ਪਾਰ ਨਾਂਵ ਹਨ ॥

ਓੜਕ : 'ਓੜਕਿ' ਉਤੇ ਤਾਂ ਕਿਰਿਆ-ਵਿਸ਼ੇਸ਼ਣ ਕਰਕੇ ਦਸਿਆ ਗਿਆ ਹੈ; ਪਰ ਜਦੋਂ ਇਹਦੇ ਅਰਥ 'ਅੰਤ' ਹੋਂਦੇ ਹਨ, ਤਾਂ ਇਹ ਨਾਵ ਹੋਂਦਾ ਹੈ, ਅਤੇ ਇਹਦੇ ਅੰਤਲੇ ਕਕੇ ਨਾਲ ਸਿਹਾਰੀ ਨਹੀਂ ਹੋਂਦੀ। ਜਿਵੇਂ–

"ਓੜਕ ਓੜਕ ਭਾਲਿ ਥਕੇ, ਵੇਦ ਕਹਨਿ ਇਕ ਵਾਤ" (ਜਪੁਜੀ)। ਇਥੇ 'ਓੜਕ' ਦੇ ਅਰਥ 'ਅੰਤ ਨੂੰ' ਨਹੀਂ, ਸਗੋਂ ਇਹ ਹਨ ਕਿ 'ਵੇਦ ਬਸ ਇਕ ਗਲ ਆਖਦੇ ਹਨ ਕਿ ਅਸੀ ਉਸਦਾ ਅੰਤ ਢੂੰਢ ਢੂੰਢ ਕੇ ਥਕ ਗਏ ਹਾਂ'॥

ਅੰਤੁ: "ਅਗਮ ਅਗੋਚਰਾ, ਤੇਰਾ ਅੰਤੁ ਨ ਪਾਇਆ" (ਅਨੰਦ)। ਇਥੇ 'ਅੰਤੁ' ਨਾਂਵ ਹੈ, ਇਸ ਲਈ ਇਹਦੇ ਤਤੇ ਨਾਲ ਸਿਹਾਰੀ ਨਹੀਂ ।

ਸੰਗੁ: "ਤਿਨ੍ ਸੰਗਿ ਸੰਗੁ ਨ ਕੀਚਈ, ਨਾਨਕ, ਜਿਨ੍ਹਾ ਆਪਣਾ ਸੁਆਉ" (ਮ: ੫, ਵਾਰ ਗੂਜਰੀ)। ਇਸ ਤੁਕ ਵਿਚ ਸੰਗ ਦੋ ਵੇਰੀ ਆਇਆ ਹੈ । ਪਹਿਲੀ ਵੇਰ ਤਾਂ ਇਹ ਸੰਬੰਧਕ ਹੈ, ਇਸ ਲਈ ਇਹਦੇ ਅੰਤ ਵਿਚ ਸਿਹਾਰੀ ਹੈ। ਦੂਜੀ ਵੇਰ ਇਹ ਨਾਂਵ ਹੈ, ਇਸ ਲਈ ਅੰਤ ਵਿਚ ਔਂਕੜ ਹੈ ॥

ਸਾਥ: "ਪੜਿ ਪੜਿ ਭਰੀਅਹਿ ਸਾਥ" (ਆਸਾ ਦੀ ਵਾਰ)। ਇਥੇ 'ਸਾਥ' ਨਾਂਵ ਹੈ ।।

ਮੂਲੁ: "ਇਕਿ ਮੂਲੁ ਨ ਬੁਝਨਿ ਆਪਣਾ" (ਆਸਾ ਦੀ ਵਾਰ)। ਇਥੇ 'ਮੂਲੁ' ਨਾਂਵ ਹੈ ॥

ਵਿਚੁ, ਬੀਚੁ: "ਵਿਚ" ਭੀ ਗੁਰਬਾਣੀ ਵਿਚ ਕਿਧਰੇ ੨ ਨਾਂਵ ਕਰਕੇ ਵਰਤਿਆ ਗਿਆ ਹੈ। ਅਜਹੀਆਂ ਥਾਵਾਂ ਤੇ ਇਹਦੇ ਅੰਤਲੇ ਚਚੇ ਨਾਲ ਸਿਹਾਰੀ ਨਹੀਂ ਹੋਂਦੀ। ਵੇਖੋ:-"ਵਿਚੁ ਨ ਕੋਈ ਕਾਰ ਸਕੈ" (ਬਾਰਹ ਮਾਹ), ਅਤੇ "ਬੀਚੁ ਨ ਕੋਇ ਕਰੇ ਅਕ੍ਰਿਤਘਣੁ ਵਿਛੁੜਿ ਪਇਆ" (ਬਿਹਾਗੜਾ ਮ: ੫)। ਇਨ੍ਹਾਂ ਤੁਕਾਂ ਵਿਚ 'ਵਿਚੁ' ਅਤੇ 'ਬੀਚੁ' ਦੇ ਅਰਥ 'ਵਚੋਲਾਪਨ' ਹਨ। ਜਦ ਅੰਤਲੇ ਸੰਬੰਧਕੀ ਚਿੰਨ੍ਹ ਦੀ ਥਾਂ ਇਕ ਵਖਰਾ ਪਦ ਵਰਤਿਆ ਜਾਂਦਾ ਹੈ, ਤਾਂ ਭੀ ਅੰਤ ਵਿਚ ਸਿਹਾਰੀ ਨਹੀਂ ਆਉਂਦੀ। ਜਿਵੇਂ:–

"ਹਉਮੈ ਮਨੁ ਅਸਥੂਲੁ ਹੈ, ਕਿਉਕਰਿ ਵਿਚੁ ਦੇ ਜਾਇ" (ਮ: ੩, ਵਾਰ ਗੂਜਰੀ)। ਇਥੇ 'ਵਿਚੁਦੇ' ਦੇ ਅਰਥ ਹਨ 'ਵਚੋਂਦੀ' ਜਾਂ 'ਵਿਚ ਥੀਂ', ਇਸ ਲਈ 'ਵਿਚੁ' ਨਾਂਵ ਹੈ ਅਤੇ ਚਚਾ ਔਂਕੜ ਵਾਲਾ ਹੈ॥

ਬਸੁ : 'ਵਸ' ਜਦ ਸੰਬੰਧਕੀ ਅਰਥਾਂ ਨਾਲ ਨਾਹ ਆਵੇ ਅਤੇ ਨਾਂਵ ਹੋਵੇ ਤਾਂ ਇਹਦੀ ਸ਼ਕਲ ਭੀ ਨਾਵਾਂ ਵਾਲੀ ਹੋਂਦੀ ਹੈ। ਵੇਖੋ:–

"ਕਿਆ ਬਸੁ ਜਉ ਬਿਖੁ ਦੇ ਮਹਤਾਰੀ" (ਗਉੜੀ ਕਬੀਰ)॥

ਫੇਰੁ : "ਫੇਰਿ ਵਸਾਇਆ ਫੇਰੁ-ਆਣਿ ਸਤਿਗੁਰਿ ਖਾਡੂਰੁ" (ਵਾਰ ਸਤਾ ਬਲਵੰਡ) । ਇਥੇ ਪਹਿਲਾ 'ਫੇਰਿ' ਕਿਰਿਆ-ਵਿਸ਼ੇਸ਼ਣ ਹੈ ਅਤੇ ਦੂਜਾ 'ਫੇਰੁ' ਨਾਂਵ ਹੈ, ਇਸ ਲਈ ਦੂਜੇ 'ਫੇਰੁ' ਦੇ ਅੰਤ ਵਿਚ ਔਂਕੜ ਹੈ । ਅਰਥ ਇਹ ਹਨ: ਫਿਰ ਭਾਈ ਫੇਰੂ ਦੇ ਪੁੱਤ੍ਰ, ਸਤਿਗੁਰੂ ਗੁਰ ਅੰਗਦ, ਨੇ ਖਡੂਰ ਵਸਾਇਆ। ਉਤੇ ਇਕ ਹੋਰ ਮਿਸਾਲ ਦੇ ਆਏ ਹਾਂ: "ਬਹੁਤੇ ਫੇਰ ਪਏ ਕਿਰਪਨ ਕਉ" ॥

"ਨਾਨਕ ਮੇਰੁ ਸਰੀਰ ਕਾ ਇਕੁ ਰਥੁ ਇਕੁ ਰਥਵਾਹੁ। ਜੁਗੁ ਜੁਗੁ ਫੇਰਿ ਵਟਾਈਅਹਿ, ਗਿਆਨੀ ਬੁਝਹਿ ਤਾਹਿ"(ਆਸਾ ਦੀ ਵਾਰ। ਇਥੇ "ਜੁਗੁ ਜੁਗੁ ਫੇਰਿ ਵਟਾਈਅਹਿ" ਦਾ ਅਰਥ ਕਰਦੇ ਹਨ, 'ਉਸਦਾ ਜੁਗ ਜੁਗ ਵਿਚ ਚਕ੍ਰ ਵਟਦਾ ਹੈ'। ਇਹ ਅਰਥ ਤਦ ਠੀਕ ਹੋਂਦਾ ਜੇ 'ਫੇਰਿ' ਦੇ ਰਾਰੇ ਨਾਲ ਸਿਹਾਰੀ ਨਾਹ ਹੋਂਦੀ।ਨਾਲ ਹੀ'ਵਟਾਈਅਹਿ' ਬਹੁਵਚਨ ਹੈ। ਇਸ ਲਈ ਠੀਕ ਅਰਥ ਇਹ ਹੋਣਗੇ: (ਉਹ ਰਥੁ ਅਤੇ ਰਥਵਾਹੁ) ਜੁਗੋ ਜੁਗ ਮੁੜਿ ਮੁੜਿ ਵਟਾਏ ਜਾਂਦੇ ਹਨ। ਬਾਕੀ ਦੀਆਂ ਤੁਕਾਂ ਤੋਂ ਭੀ ਇਹੋ ਪਤਾ ਲਗਦਾ ਹੈ ਕਿ ਹਰ ਇਕ ਜੁਗ ਦੇ ਬਦਲਨ:

ਨਾਲ ਮਨੁਖੀ ਜੀਵਣ ਦਾ ਰਥੁ ਅਤੇ ਰਥਵਾਹੁ ਦੋਵੇਂ ਬਦਲੇ ਜਾਂਦੇ ਹਨ ॥

**੫.** ਇਹ ਭੀ ਯਾਦ ਰਹੇ ਕਿ ਕਈ ਸ਼ਬਦ ਜੋ ਦਿਸਣ ਵਿਚ ਕਿਰਿਆ-ਵਿਸ਼ੇਸ਼ਣ ਹੋਂਦੇ ਹਨ, ਪਰ ਅਸਲ ਵਿਚ ਉਹ ਯੋਜਕ ਕਰਕੇ ਵਰਤੇ ਗਏ ਹੋਂਦੇ ਹਨ, ਅਰਥਾਤ ਦੋ ਵਾਕਾਂ ਜਾਂ ਸ਼ਬਦਾਂ ਨੂੰ ਜੋੜਦੇ ਹਨ। ਇਸ ਲਈ ਉਨ੍ਹਾਂ ਦੇ ਅੰਤ ਵਿਚ ਸਿਹਾਰੀ ਦੀ ਉਮੈਦ ਨਹੀਂ ਰਖਣੀ ਚਾਹੀਦੀ। ਜਿਵੇਂ—

ਮਤੁ: "ਹਰਿ ਜਪਦਿਆਂ ਖਿਨੁ ਢਿਲ ਨ ਕੀਜਈ, ਮੇਰੀ ਜਿੰਦੁੜੀਏ, ਮਤੁ ਕਿ ਜਾਪੈ ਸਾਹੁ ਆਵੈ ਕਿ ਨ ਆਵੈ ਰਾਮ" (ਬਿਹਾਗੜਾ ਮ: ੪) ॥

ਜਬ,ਤਬ: "ਜਬ ਜਰੀਐ, ਤਬ ਹੋਇ ਭਸਮ ਤਨੁ, ਰਹੈ ਕਿਰਮ ਦਲ ਖਾਈ" (ਸੋਰਠਿ, ਕਬੀਰ)।
"ਜਬ ਹਮ ਏਕੋ ਏਕੁ ਕਰਿ ਜਾਨਿਆ।ਤਬ ਲੋਗਹ ਕਾਹੇ ਦੁਖੁ ਮਾਨਿਆ"( ਗਉੜੀ, ਕਬੀਰ) ॥

ਅਬ: "ਨੈਨ ਰਹੇ ਰੰਗੁ ਲਾਈ। ਅਬ ਬੇਗਲ ਕਹਨੁ ਨ ਜਾਈ" (ਸੋਰਠਿ, ਕਬੀਰ ; ਅਰਥਾਤ, ਚੂੰਕਿ ਅਖਾਂ ਨੇ ਪ੍ਰੇਮ ਲਾਇਆ ਹੋਇਆ ਹੈ, ਇਸ ਲਈ ਕੋਈ ਹੋਰ ਗੱਲ ਆਖੀ ਨਹੀਂ ਜਾਂਦੀ।

"ਅਬ ਮੋਹਿ ਜਲਤ ਰਾਮ ਜਲੁ ਪਾਇਆ। ਰਾਮ ਉਦਕਿ ਤਨੁ ਜਲਤ ਬੁਝਾਇਆ" (ਗਉੜੀ, ਕਬੀਰ); ਅਰਥਾਤ, ਹੁਣ ਜੋ ਰਾਮ ਨੇ ਮੈਨੂੰ ਸੜਦਿਆਂ ਹੋਇਆਂ ਪਾਣੀ ਪਾਇਆ ਹੈ, ਇਸ ਰਾਮ ਦੇ ਪਾਣੀ ਨਾਲ ਤਨ ਸੜਦਾ ਹੋਇਆ ਠੰਡਾ ਹੋਗਿਆ ਹੈ।

ਉਤਲੀਆਂ ਮਿਸਾਲਾਂ ਵਿਚ ਸ਼ਬਦ 'ਅਬ' ਦੋ ਦੋ ਗਲਾਂ ਨੂੰ ਜੋੜਦਾ ਹੈ ਕਾਰਣ ਦਸਕੇ॥

ਨਾਤਰੁ( = ਨਹੀਂ ਤਾਂ, ਵਰਨਾ): "ਗੁਰ ਪ੍ਰਸਾਦਿ ਅਕਲਿ ਭਈ ਅਵਰੈ, ਨਾਤਰੁ ਥਾ ਬੇਗਾਨਾ" (ਗਉੜੀ ਬੈਰਾਗਣਿ, ਕਬੀਰ); ਅਰਥਾਤ, ਗੁਰੂ ਦੀ ਕ੍ਰਿਪਾ ਨਾਲ ਮੇਰੀ ਬੁਧੀ ਬਦਲ ਗਈ, ਨਹੀਂ ਤਾਂ ਵਾਹਿਗੁਰੂ ਤੋਂ ਓਪਰਾ ਹੋ ਰਹਿੰਦਾ॥

ਸਣੁ: "ਚੂੜਾ ਭੰਨੁ ਪਲੰਘ ਸਿਉ ਮੁੰਧੇ, ਸਣੁ ਬਾਹੀ ਸਣੁ ਬਾਹਾ" (ਵਡਹੰਸ ਮ: ੧)। ਇਥੇ 'ਸਣੁ' ਦਾ ਅਰਥ ਹੈ 'ਅਤੇ ਨਾਲੇ'।

ਵਿਣੁ: "ਵਿਣੁ ਪਾਰਸੈ ਪੂਜ ਨ ਹੋਵਈ, ਵਿਣੁ ਮਨ ਪਰਚੇ ਅਵਰਾ ਸਮਝਾਏ" (ਗੂਜਰੀ ਮ: ੩), ਪਾਰਸ ਹੋਣ ਤੋਂ ਬਿਨਾ ਕਿਸੇ ਦੀ ਪੂਜਾ ਨਹੀਂ ਹੋਂਦੀ; ਆਪਣੇ ਮਨ ਨੂੰ ਨਿਸਚਾ ਹੋਣ ਤੋਂ ਬਿਨਾ ਹੀ ਹੋਰਨਾਂ ਨੂੰ ਸਮਝਾਂਦਾ ਹੋਵੇਗਾ।

ਇਥੇ ਸ਼ਬਦ 'ਵਿਣੁ' ਇਕ ਵਾਕ ਨੂੰ ਦੂਜੇ ਵਾਕੰਸ਼ ਨਾਲ ਜੋੜਦਾ ਹੈ।

ਸਣੁ, ਸਹਿਤ, ਵਿਣੁ ਆਮ ਤੌਰ ਤੇ ਨਾਵਾਂ ਨਾਲ ਸੰਬੰਧਕ ਪਦ ਕਰਕੇ ਆਉਂਦੇ ਹਨ, ਪਰ ਚੂੰਕਿ ਸਥਾਨ ਵਾਚੀ ਨਹੀਂ ਹੋਂਦੇ, ਇਸ ਲਈ ਨੇਮ ੨ (ੳ)ਵਾਲੀ ਸਿਹਾਰੀ ਨਹੀਂ ਆਂਦੀ॥

੬. ਸਿਹਾਰੀ ਪੂਰਬ ਪੂਰਣ ਕਾਰਦੰਤਕ (Conjuuctive Participle) ਦੇ ਧਾਤੂ ਸ਼ਬਦ ਦੇ ਅੰਤ ਵਿਚ ਭੀ ਆਇਆ ਕਰਦੀ ਹੈ। ਅਰਥਾਤ, ਜਿਸ ਸ਼ਬਦ ਦੇ ਅਰਥ ਹੋਣ, ਅਮਕਾ ਕਮ ਕਰਕੇ, ਉਹਦੇ ਅੰਤ ਵਿਚ ਸਿਹਾਰੀ ਆਉਂਦੀ ਹੈ।

ਛੋਡਿ, ਬੈਸਿ : "ਮਾਸੁ ਛੋਡਿ ਬੈਸਿ ਨਕੁ ਪਕੜਹਿ" (ਮ: ੧, ਵਾਰ ਮਲਾਰ)। 'ਛੋਡਿ' ਦੇ ਅਰਥ ਹਨ 'ਛੋੜ ਕੇ', ਅਤੇ 'ਬੈਸਿ' ਦੇ ਅਰਥ ਹਨ 'ਬੈਹ ਕੇ'।

ਧਰਿ: "ਧਰਿ ਤਰਾਜੂ ਤੋਲੀਐ" (ਆਸਾ ਦੀ ਵਾਰ), ਤਰਾਜੂ ਵਿਚ ਧਰਕੇ ਤੋਲੀਏ।

ਪੁਛਿ: "ਵਡੀ ਵਡਿਆਈ ਜਾ ਪੁਛਿ ਨ ਦਾਤਿ" (ਆਸਾ ਦੀ ਵਾਰ), ਰਬ ਦੀ ਵਡਿਆਈ ਇਸ ਲਈ ਵਡੀ ਹੈ ਕਿ ਉਹ ਦਾਤ ਕਿਸੇ ਕੋਲੋਂ ਪੁਛਕੇ ਨਹੀਂ ਦਿੰਦਾ।

ਕਰਿ: "ਕਰਿ ਕਿਰਪਾ ਜਿਸੁ ਆਪਿ ਬੁਝਾਇਆ" (ਸਖਮਨੀ)।

ਭਨਿ, ਘੜਿ, ਢਾਹਿ: "ਭਨਿ ਭਨਿ ਘੜੀਐ, ਘੜਿ ਘੜਿ ਭਜੈ, ਢਾਹਿ ਉਸਾਰੈ, ਉਸਰੇ ਢਾਹੈ" (ਦਖਣੀ ਓਅੰਕਾਰੁ)।

ਬੀਜਿ: "ਬੀਜੁ ਬੀਜਿ ਦੇਖਿਓ ਬਹੁ ਪ੍ਰਕਾਰਾ" (ਸੂਹੀ ਮ: ੫), ਕਈ ਤਰ੍ਹਾਂ ਦੇ ਬੀਂ ਬੀਜ ਕੇ ਵੇਖੇ।

ਬੋਲਿ: "ਕੂੜ ਬੋਲਿ ਕਰਹਿ ਆਹਾਰੁ" (ਆਸਾ ਦੀ ਵਾਰ), ਕੂੜ ਬੋਲ ਕੇ ਰੋਟੀ ਖਾਂਦੇ ਹਨ।

ਭਖਿ: "ਅਸੰਖ ਮਲੇਛ ਮਲੁ ਭਖਿ ਖਾਹਿ" (ਜਪੁਜੀ), ਅਣਗਿਣਤ ਮੰਦੇ ਲੋਕ ਮੈਲ ਖਾਕੇ ਆਪਣਾ ਆਹਾਰ ਕਰਦੇ ਹਨ; ਅਰਥਾਤ, ਰੋਜ਼ੀ ਕਮਾਂਦੇ ਹਨ। ਗੁਰਬਾਣੀ ਵਿਚ ਨਿੰਦਿਆ ਕਰਨ ਨੂੰ ਮੈਲ ਖਾਣਾ ਦਸਿਆ ਹੈ। ਇਸ ਲਈ ਇਥੇ ਭਾਵ ਹੈ ਕਿ ਕਈ ਮਾੜੇ ਪੁਰਸ਼ ਨਿੰਦਿਆ ਕਰਕੇ ਰੋਟੀ ਕਮਾਂਦੇ ਹਨ। ਕਈ ਸਜਨ ਮਲੁ-ਭਖਿ ਨੂੰ ਇਕ ਸੰਯੁਕਤ ਸ਼ਬਦ ਕਰਕੇ ਮਨਦੇ ਹਨ ਅਤੇ ਅਰਥ ਕਰਦੇ ਹਨ, 'ਮੈਲ ਖਾਣ ਵਾਲੇ'। ਪਰ ਇਹ ਠੀਕ ਨਹੀਂ। ਗੁਰਬਾਣੀ ਵਿਚ ਜਿਥੇ ਇਹ ਸ਼ਬਦ ਜੋੜ ਕੇ ਕਰਤਰੀ-

ਵਾਚਕ ਸੰਗਿਆ ਬਣਾਈ ਹ, ਉਥੇ ਇਨ੍ਹਾਂ ਦੀ ਸ਼ਕਲ ਹੋਰ ਹੈ । ਯਥਾ:–"ਨਿੰਦਕੁ ਨਿੰਦਾ ਕਰਿ ਮਲੁ ਧੋਵੈ, ਓਹ ਮਲ-ਭਖੁ ਮਾਇਆਧਾਰੀ" (ਗੂਜਰੀ ਮ: ੪) ॥

ਕਈ ਲੋਕ "ਜੇਕੋ ਆਖੈ ਬੋਲੁ ਵਿਗਾੜੁ" (ਜਪੁਜੀ) ਦਾ ਅ ਥ ਕੀਤਾ ਕਰਦੇ ਹਨ, 'ਜੇ ਕੋਈ ਬੋਲ ਨੂੰ ਵਿਗਾੜ ਕੇ ਆਖੇ'। ਪਰ ਜੇ ਇਹ ਅਰਥ ਹੋਂਦਾ, ਤਾਂ 'ਵਿਗਾੜੁ' ਦੇ ੜਾੜੇ ਨਾਲ ਸਿਹਾਰੀ ਹੋਂਦੀ। ਚੂੰਕਿ ਹੈ ਨਹੀਂ, ਇਸ ਲਈ ਬੋਲੁ–ਵਿਗਾੜੁ ਨੂੰ ਇਕ ਸੰਯੁਕਤ ਪਦ ਮਨਾਂਗੇ ਅਤੇ ਇਹਦੇ ਅਰਥ ਕਰਾਂਗੇ, 'ਬੋਲ ਨੂੰ ਵਿਗਾੜਨ ਵਾਲਾ'। ਇਕ ਹੋਰ ਥਾਂਈਂ ਇਉਂ ਆਇਆ ਹੈ:–

"ਅਸੀ ਬੋਲ-ਵਿਗਾੜ ਵਿਗਾੜਹ ਬੋਲ" (ਸ੍ਰੀ ਰਾਗ ਮ: ੧)। ਆਮ ਮਹਾਵਰੇ ਵਿਚ ਭੀ ਇਸੇਤਰਾਂ ਵਰਤਿਆ ਜਾਂਦਾ ਹੈ। ਵੇਖੋ ਇਕ ਖਾਵੰਦ ਦਾ ਗਿਲਾ:

"ਨਾਹ ਮੈਨੂੰ ਕਹਿੰਦੀ ਨੂਰ ਮੁਹੰਮਦ,
ਨਾਹ ਮੈਨੂੰ ਕਹਿੰਦੀ ਜੀ ਨੂਰਾ।
ਐਹਮਕ ਜੱਟੀ ਬੋਲ-ਵਿਗਾੜ,
ਮੈਨੂੰ ਕਹਿੰਦੀ, ਵੇ ਨੂਰਾ !!"

ਕਈ ਲੋਕ "ਸਾਜਨ ਚਲੇ ਪਿਆਰਿਆ ਕਿਉ ਮੇਲਾ ਹੋਈ" (ਸੂਹੀ ਮ: ੧) ਨੂੰ ਇਉਂ ਪੜ੍ਹਦੇ ਹਨ: "ਸਾਜ ਨ ਚਲੇ ਪਿਆਰਿਆ ਕਿਉ ਮੇਲਾ ਹੋਈ"। ਅਤੇ ਚੂੰਕਿ ਉਤੇ ਕਪੜੇ ਰੰਗਣ ਦਾ ਜ਼ਿਕਰ ਆਇਆ ਹੈ, ਇਸ ਲਈ ਇਸ ਤੁਕ ਦੇ ਅਰਥ ਕਰਦੇ ਹਨ ਕਿ, ਜੋ ਆਦਮੀ ਆਪਣੇ ਪਿਆਰੇ ਵਲ (ਉਪਰ ਦਸੇ ਕਪੜਿਆਂ ਨਾਲ) ਸਜ ਕੇ ਨਹੀਂ ਜਾਂਦੇ, ਉਨ੍ਹਾਂ ਦਾ ਮੇਲ ਕਿਵੇਂ ਹੋ ਸਕਦਾ ਹੈ। ਮੈਕਾਲਿਫ਼ ਨੇ ਭੀ ਇਵੇਂ ਹੀ ਅਰਥ ਕੀਤਾਹੈ। ਪਰ ਇਹ ਠੀਕ ਨਹੀਂ। ਕਿਉਂਕਿ ਜੇ ਇਹ ਅਰਥ ਹੋਂਦੇ ਤਾਂ 'ਸਾਜ' ਦੇ ਜਜੇ ਨਾਲ ਸਿਹਾਰੀ ਹੋਂਦੀ।ਪਰ ਹੈ ਨਹੀਂ ਇਸ ਲਈ ਠੀਕ ਅਰਥ ਇਹ ਹੋਣਗੇ: ਸਜਣ ਆਪਣੇ ਪਿਆਰੇ ਨੂ ਮਿਲਣ ਚਲੇ ਹਨ, ਕਿਵੇਂ ਮੇਲ ਹੋਵੇ ?

ਇਸੇਤ੍ਰਾਂ ਕਬੀਰ ਸਾਹਿਬ ਦੀ ਬਾਵਨ ਅਖਰੀ ਵਿਚੋਂ ਹੇਠਲੀ ਤੁਕ ਦੇ ਅਰਥਾਂ ਵਿਚ ਭੁਲੇਖਾ ਪੈ ਜਾਂਦਾ ਹੈ: "ਅਸਜਰਿ ਪਰਜਰਿ ਜਰਿ ਜਬ ਰਹੈ। ਤਬ ਜਾਇ ਜੋਤਿ ਉਜਾਰਉ ਲਹੈ"। ਪਹਿਲੇ ਦੋ ਵਾਰੀ ਆਏ 'ਜਰਿ' ਸ਼ਬਦ ਦੇ ਅਰਥ ਜ਼ਰ ਜਾਂ ਮਾਇਆ ਕੀਤਾ ਕਰਦੇ ਹਨ। ਪਰ ਇਹ ਅਰਥ ਕਰਨ ਲਈ ਜ਼ਰੂਰੀ ਹੈ ਕਿ 'ਜਰਿ'ਦੇ ਅੰਤ ਸਿਹਾਰੀ ਨਾਹ ਹੋਵੇ। ਠੀਕ ਅਰਥ ਇਹ ਹੋਣਗੇ: ਆਪਣੇ ਨੂੰ ਸਾੜਕੇ ਅਤੇ ਪਰਾਏ ਨੂੰ ਸਾੜਕੇ ਜਦ ਸੜ ਬਹੇਗਾ ਤਦ ਜਾਕੇ ਵਾਹਿਗੁਰੂ ਦੀ ਜੋਤ ਦਾ ਚਾਨਣਾ ਲਭੇਗਾ। ਇਸਤੋਂ ਪਹਿਲੇ ਅਪਣੇ ਆਪ ਨੂੰ ਜੀਂਵਦਿਆਂ ਸਾੜਨ ਦਾ ਹੁਕਮ ਲਿਖਿਆ

ਹੈ: "ਜਜਾ ਜਉ ਤਨ ਜੀਵਤ ਜਰਾਵੈ"। ਇਸ ਕਰੜੇ ਹੁਕਮ ਦਾ ਅਮਲੀ ਭਾਵ ਕੀ ਹੈ ? ਉਹ ਇਹ ਹੈ ਕਿ ਆਪਣੀਆਂ ਅਤੇ ਪਰਾਈਆਂ ਚੀਜਾਂ ਦੀ ਜੋ ਮਨੁਖ ਨੂੰ ਤ੍ਰਿਸ਼ਨਾ ਹੈ, ਉਸਨੂੰ ਸਾੜ ਦੇਵੇ, ਤੇ ਇਉਂ ਸੜਕੇ ਵਾਹਿਗੁਰੂ ਦੀ ਅਪਾਰ ਜੋਤੀ ਦੇ ਲਿਸ਼ਕਾਰੇ ਲਵੇ।

੭. ਉਪਰ ਦਸੀ ਕਾਰਦੰਤਕ ਦੇ ਨਾਲ ਆਣਾ, ਜਾਣਾ, ਬੈਹਣਾ, ਰੈਹਣਾ, ਸਕਣਾ ਆਦਿਕ ਸਹਾਇਕ ਕਿਰਿਆ ਜਾਂ ਇਨ੍ਹਾਂ ਦੇ ਹੋਰ ਰੂਪਾਂ ਨੰ ਲਾਕੇ ਜੋ ਸੰਯੁਕਤ ਕਿਰਿਆ (Compound Verbs) ਬਣਦੀਆਂ ਹਨ, ਉਨ੍ਹਾਂ ਵਿਚ ਭੀ ਕਾਰਦੰਤਕਾਂ ਦੇ ਅੰਤ ਵਿਚ ਸਿਹਾਰੀ ਆਉਂਦੀ ਹੈ। ਇਨ੍ਹਾਂ ਕਾਰਦੰਤਕਾਂ ਦੀ ਸ਼ਕਲ ਪ੍ਰਤੱਖ ਅਨੁਮਤਜਾਰਥ ਲਕਾਰ (Imperative Mood) ਵਾਲੀ ਹੋਂਦੀ ਹੈ:—

ਬਨਿ: "ਸੇਵਕ ਕਉ ਸੇਵਾ ਬਨਿ ਆਈ" ਸੁਖਮਨੀ)।

ਦੀਸਿ: "ਦੀਸਿ ਆਵਤ ਹੈ ਬਹੁਤੁ ਭੀਹਾਲਾ"(ਆਸਾ ਮ: ੫)।

ਜਿੱਣ, ਹਾਰਿ: "ਤੇਰੈ ਨਾਇ ਰਤੇ ਸੇ ਜਿਣਿ ਗਏ, ਹਾਰਿ ਗਏ ਸਿ ਠਗਣ ਵਾਲਿਆ" (ਆਸਾ ਦੀ ਵਾਰ)।

ਕਢਿ: "ਇਕਨਾ ਭਾਣੈ ਕਢਿ ਲਏ" (ਆਸਾ ਦੀ ਵਾਰ)।

ਛਡਿ: "ਛਡਿ ਬਹਹਿ ਘਰਬਾਰੁ"(ਆਸਾ ਦੀ ਵਾਰ)।

ਆਣਿ: "ਹੋਇ ਇਆਣਾ ਕਰੇ ਕੰਮੁ, ਆਣਿ ਨ ਸਕੈ ਰਾਸਿ" (ਆਸਾ ਦੀ ਵਾਰ)।

ਭੇਜਿ: "ਸਤਿਗੁਰ ਸਾਚੇ ਦੀਆ ਭੇਜਿ" (ਆਸਾ ਮ: ੫)।

ਧੋਇ: "ਦੇ ਸਾਬੂਣੁ ਲਈਐ ਓਹੁ ਧੋਇ"(ਜਪੁਜੀ)।

ਲਿਖਿ: "ਇਹ ਲੇਖਾ ਲਿਖਿ ਜਾਣੈ ਕੋਇ"(ਜਪੁਜੀ)।

ਪੀੜਿ: "ਦਰਿ ਲਏ ਲੇਖਾ ਪੀੜਿ ਛੁਟੈ ਨਾਨਕਾ ਜਿਉ ਤੇਲੁ" (ਆਸਾ ਦੀ ਵਾਰ)।

ਇਸੇ ਤ੍ਰਾਂ ਹੋਰ ਮਿਸਾਲਾਂ ਹਨ: ਆਖਿ ਸੁਣਾਇਆ; ਜਾਇ ਜਰਿ, ਖੁਸਿ ਲਏ, ਪੂਜਿ ਰਹਿਓ, ਲੀਆ ਮਿਲਾਇ, ਪੀਵਿ ਰਹੇ, ਚੁਣਿ ਕਢੀਐ, ਆਦਿਕ।

ਇਸੇ ਤ੍ਰਾਂ ਜਦ ਭਾਵਾਰਥ ਅਤੇ ਸਹਾਇਕ ਕਿਰਿਆ ਦੇ ਮੇਲ ਤੋਂ ਜੋ ਸੰਯੁਕਤ ਕਿਰਿਆ ਬਣਦੀਆਂ ਹਨ, ਉਨ੍ਹਾਂ ਵਿਚ ਭੀ ਭਾਵਾਰਥ ਦੇ ਅੰਤ ਵਿਚ ਸਿਹਾਰੀ ਹੋਂਦੀ ਹੈ:—

ਆਖਣਿ: "ਜੇਕੋ ਖਾਇਕੁ ਆਖਣਿ ਪਾਇ"(ਜਪੁਜੀ)।

ਪੜਣਿ: "ਲਗਾ ਪੜਣਿ ਸਲੋਕੁ"(ਆਸਾ ਦੀ ਵਾਰ)।

ਨੇਮ ੨ (ਅ) ਦੇ ਅੰਤ ਵਿਚ ਭੀ ਦਸਿਆ ਗਿਆ ਹੈ ਕਿ ਭਾਵਾਰਥ ਦੇ ਅੰਤ ਵਿਚ ਸਿਹਾਰੀ 'ਨੂੰ, ਲਈ, ਹੇਤ' ਦੇ ਅਰਥਾਂ ਨਾਲ ਆਉਂਦੀ ਹੈ। ਪਰ ਉਸ ਭਾਵਾਰਥ ਤੇ ਇਸ ਸੰਯੁਕਤ ਕਿਰਿਆ ਵਾਲੇ ਭਾਵਾਰਥ ਵਿਚ ਫਰਕ ਇਹ ਹੈ, ਕਿ ਉਥੇ ਤਾਂ ਭਾਵਾਰਥ ਨਾਂਵ ਸੀ ਅਤੇ ਸਿਹਾਰੀ ਸੰਬੰਧਕੀ ਚਿੰਨ੍ਹ ਸੀ, ਇਥੇ ਭਾਵਾਰਥ ਮੁਖ ਕਿਰਿਆ ਹੈ।

੮. ਕਈ ਵੇਰ ਪ੍ਰਤੱਖ ਅਨੁਮਤਜਾਰਥ ਲਕਾਰ (Imperative Mood) ਨਾਲ ਸਿਹਾਰੀ ਆਉਂਦੀ ਹੈ। ਅਰਥਾਤ, ਜਦ ਕਿਸੇ ਇਕ ਪੁਰਖ ਨੂੰ ਕੋਈ ਕੰਮ ਕਰਨ ਲਈ ਕਿਹਾ ਜਾਵੇ 'ਕ, ਤੂੰ ਅਮਕਾ ਕੰਮ ਕਰ, ਤਾਂ ਉਸ ਹਾਲਤ ਵਿਚ ਕਿਰਿਆ ਦੇ ਅੰਤਲੇ ਅਖਰ ਨਾਲ ਕਦੀ ਕਦੀ ਸਿਹਾਰੀ ਦਿਤੀ ਹੋਂਦੀ ਹੈ। ਯਥਾ:

ਜਪਿ: "ਜਪਿ, ਜਨ, ਸਦਾ ਸਦਾ ਦਿਨ ਰੈਣੀ" (ਸੁਖਮਨੀ), ਹੇ ਜਨ, ਤੂੰ ਦਿਨ ਰਾਤ ਹਮੇਸ਼ਾਂ ਜਪ। ਬਾਣੀ ਵਿਚ ਜਿਥੇ ਭੀ 'ਜਪਿ' ਸ਼ਬਦ 'ਤੂੰ ਜਪ' ਦੇ ਅਰਥਾਂ ਨਾਲ ਆਇਆ ਹੈ, ਉਥੇ ਬਿਲਾ-ਨਾਗਾ ਪਪੇ ਨਾਲ ਸਿਹਾਰੀ ਆਈ ਹੈ। ਅਤੇ ਜਦ 'ਜਪੁ' ਸ਼ਬਦ ਨਾਂਵ ਕਰਕ ਵਰਤਿਆ ਗਿਆ ਹੈ, ਤਾਂ ਇਸਦੇ ਪਪੇ ਨਾਲ ਔਂਕੜ ਆਉਂਦਾ ਹੈ ਜਾਂ ਪਪਾ ਮੁਕਤਾ ਹੋਂਦਾ ਹੈ। ਜਿਵੇਂ "ਜਪੁ ਤਪੁ ਸੰਜਮੁ ਧਰਮ ਨ ਕਮਾਇਆ" (ਰਹਰਾਸਿ)। "ਪ੍ਰਭ ਕੈ ਸਿਮਰਨਿ ਜਪ ਤਪ ਪੂਜਾ" (ਸੁਖਮਨੀ)। "ਅਸੰਖ ਜਪ ਅਸੰਖ ਭਾਉ" (ਜਪੁਜੀ)। ਇਸ ਕਰਕੇ ਜਪੁਜੀ ਸਾਹਿਬ ਦੇ ਮੁਢ ਵਿਚ ਜੋ 'ਜਪੁ' ਸ਼ਬਦ 'ਗੁਰ ਪ੍ਰਸਾਦਿ' ਦੇ ਪਿਛੋਂ ਆਇਆ ਹੈ, ਉਹ ਨਾਂਵ ਹੈ, ਅਤੇ 'ਜਪੁ'

ਨਾਮ ਬਾਣੀ ਦਾ ਸਿਰਲੇਖ ਕਰਕੇ ਵਰਤਿਆ ਗਿਆ ਹੈ। ਇਹਦਾ ਸੰਬੰਧ ਮੂਲ ਮੰਤ੍ਰ ਨਾਲ ਕੋਈ ਨਹੀਂ। ਨਾ ਹੀ ਇਸਦਾ ਅਰਥ 'ਜਪੋ' ਹੋ ਸਕਦਾ ਹੈ। ਇਹ ਕਿਰਿਆ ਨਹੀਂ ॥

ਸਾਲਾਹਿ, ਸਿਮਰਿ, ਆਹਿ: "ਏਕੋ ਜਪਿ, ਏਕੋ ਸਾਲਾਹਿ। ਏਕੁ ਸਿਮਰਿ, ਏਕੋ ਮਨ ਆਹਿ" (ਸੁਖਮਨੀ)। ਅਰਥਾਤ, ਇਕੋ ਰਬ ਨੂੰ ਤੂੰ ਜਪ ਅਤੇ ਇਕੋ ਨੂੰ ਸਲਾਹ। ਇਕ ਨੂੰ ਤੂੰ ਸਿਮਰ ਅਤੇ, ਹੇ ਮਨ, ਇਕੋ ਨੂੰ ਤੂੰ ਚਾਹ ॥

ਲੇਹਿ, ਦੇਹਿ: "ਮਨ ਮੇਰੇ, ਤਿਨ ਕੀ ਓਟ ਲੇਹਿ। ਮਨ ਤਨੁ ਅਪਨਾ ਤਿਨ ਜਨ ਦੇਹਿ" (ਸੁਖਮਨੀ)।

ਸੁਣਿ: "ਚਤੁਰਾਈ ਨ ਪਾਇਆ ਕਿਨੈ, ਤੂ ਸੁਣਿ ਮਨ ਮੇਰਿਆ" (ਅਨੰਦ)।

ਕਰਿ: "ਰਾਮ ਨਾਮ ਸਿਉ ਕਰਿ ਬਿਉਹਾਰੋ" (ਗਉੜੀ ਬਾ: ਅਖਰੀ ਮ: ੫)।

ਧਰਿ: "ਧਰਿ ਜੀਅਰੇ ਇਕ ਟੇਕ ਤੂੰ, ਲਾਹਿ ਬਿਡਾਨੀ ਆਸ" (ਗਉੜੀ ਬਾ: ਅਖਰੀ ਮ: ੫)।

ਚੂੰਕਿ ਇਹ ਨੇਮ ਪੱਕਾ ਨਹੀਂ ਅਤੇ ('ਜਪਿ' ਸ਼ਬਦ ਤੋਂ ਬਿਨਾ) ਕਈ ਥਾਈਂ ਇਸਦਾ ਉਲੰਘਣ ਪਾਇਆ ਜਾਂਦਾ ਹੈ, ਇਸ ਲਈ ਅਸੀਂ ਇਹਦੇ ਉਤੇ ਬਹੁਤ ਜ਼ੋਰ ਨਹੀਂ ਦਿੰਦੇ। ਇਹਦੇ ਸੰਬੰਧ ਵਿਚ ਵਧੇਰੀ ਖੋਜ ਦੀ ਲੋੜ ਹੈ ॥

੬. ਗੁਰਬਾਣੀ ਵਿਚ ਇਕ ਤਰ੍ਹਾਂ ਦੀ ਅਧੀਨ ਵਾਕੰਸ (Subordinate Clause) ਆਉਂਦੀ ਹੈ, ਜੋ ਅਜਕਲ ਲੋਪ ਹੋ ਗਈ ਹੈ। ਇਹਦੇ ਮੁਕਾਬਲੇ ਉਤੇ ਅਜਕਲ ਇਹੋ ਜਹੀਆਂ ਵਾਕੰਸਾਂ ਵਰਤੀਆਂ ਜਾਂਦੀਆਂ ਹਨ: "ਹੁਕਮ ਮੰਨਿਆਂ" ਪਰਵਾਣ ਹੋਈਦਾ ਹੈ। "ਕੂੜ ਕਮਾਣ ਨਾਲ" ਕੂੜ ਹੀ ਹੋਂਦਾ ਹੈ। "ਸਿਰ ਨਿਵਾਇਆਂ" ਕੀ ਹੁੰਦਾ ਹੈ? ਪਰ ਗੁਰਬਾਣੀ ਵਿਚ ਇਨ੍ਹਾਂ ਹੀ ਵਾਕਾਂ ਨੂੰ ਇਉਂ ਪੜ੍ਹੋਗੇ: "ਹੁਕਮਿ ਮੰਨਿਐ ਹੋਵੈ ਪਰਵਾਣੁ" "ਕੂੜਿ ਕਮਾਣੈ ਕੂੜੋ ਹੋਇ"। "ਸੀਸਿ ਨਿਵਾਇਐ ਕਿਆ ਥੀਐ"। ਇਨ੍ਹਾਂ ਵਿਚ ਪਹਿਲੇ ਦੋ ਸ਼ਬਦ ਅਧੀਨ ਵਾਕੰਸ ਹਨ, ਜਿਨ੍ਹਾਂ ਵਿਚ ਮੁਖ ਵਾਕ ਦਾ ਕਾਰਣ ਦਿਤਾ ਹੋਇਆ ਹੈ। ਇਹੋ ਜਹੀ ਵਾਕੰਸ ਵਿਚ ਦੋ ਸ਼ਬਦ ਹੁੰਦੇ ਹਨ, ਇਕ ਨਾਂਵ ਅਤੇ ਦੂਜਾ ਕਿਰਿਆ। ਨਾਂਵ ਦੇ ਅੰਤ ਵਿਚ ਸਿਹਾਰੀ ਜ਼ਰੂਰ ਹੋਵੇਗੀ ਅਤੇ ਕਿਰਿਆ ਦੇ ਅੰਤ ਵਿਚ ਦੁਲਾਵਾਂ। ਜਥਾ.—

ਮਨਿ ਜੀਤੈ: "ਮਨਿ ਜੀਤੈ ਜਗੁ ਜੀਤੁ" (ਜਪੁਜੀ); ਅਰਥਾਤ, ਮਨ ਦੇ ਜਿਤਣ ਨਾਲ ਜਗ ਜ਼ਿਤਿਆ ਜਾਂਦਾ ਹੈ।

ਸਾਜਨਿ ਮਿਲਿਐ: "ਸਤਿਗੁਰ ਅਗੈ ਅਰਦਾਸਿ ਕਰਿ ਸਾਜਨੁ ਦੇਇ ਮਿਲਾਇ। ਸਾਜਨਿ ਮਿਲਿਐ ਸੁਖੁ ਪਾਇਆ ਜਮਦੂਤ ਮੁਏ ਬਿਖੁ ਖਾਇ" (ਸ੍ਰੀ ਰਾਗ ਮ: ੧)। ਇਥ ਪਹਿਲੀ ਤੁਕ ਵਿਚ 'ਸਾਜਨੁ' ਦੇ ਨਨੇ ਤਲੇ ਔਂਕੜ ਹੈ,

ਅਤੇ ਦੂਜੀ ਤੁਕ ਵਿਚ ਨਨੇ ਨਾਲ ਸਿਹਾਰੀ ਹੈ। 'ਸਾਜਨਿ ਮਿਲਿਐ' ਦੇ ਅਰਥ ਹਨ, ਸਜਣ ਦੇ ਮਿਲਣ ਨਾਲ ॥

ਨਾਮ ਸਲਾਹਿਐ: "ਨਾਨਕ ਨਾਮਿ ਸਲਾਹਿਐ ਮਨੁ ਤਨੁ ਸੀਤਲੁ ਹੋਇ" (ਮ: ੫, ਵਾਰ ਗਉੜੀ)।

ਧਾਨਿ ਖਾਧੈ: "ਏਤੁ ਧਾਨਿ ਖਾਧੈ ਤੇਰਾ ਜਨਮੁ ਗਿਆ" (ਮ: ੩, ਆਸਾ ਪਟੀ), ਇਸ ਧਾਨ ਦੇ ਖਾਧਿਆਂ ਤੇਰਾ ਜਨਮ ਵਿਅਰਥ ਗਿਆ।

ਸਤਿਗੁਰਿ ਮਿਲਿਐ: "ਸਤਿਗੁਰਿ ਮਿਲਿਐ ਸਚੁ ਪਾਇਆ" (ਆਸਾ ਦੀ ਵਾਰ), ਸਤਿਗੁਰੂ ਦੇ ਮਿਲਣ ਕਰਕੇ ਸਚੁ ਲਭਾ।

ਲੋਕਿ ਪਤੀਣੈ: "ਲੋਕਿ ਪਤੀਣੈ ਨਾ ਪਤਿ ਹੋਇ" (ਧਨਾਸਰੀ ਮਂ: ੧), ਲੋਕਾਂ ਦੇ ਪਤੀਜਣੇ ਨਾਲ।

ਪਿੰਡਿ ਮੂਐ: "ਪਿੰਡਿ ਮੂਐ ਜੀਉ ਕਿਹ ਘਰਿ ਜਾਤਾ" (ਗਉੜੀ ਕਬੀਰ), ਸਰੀਰ ਦੇ ਮੋਇਆਂ ਆਤਮਾ ਕਿਥੇ ਚਲਾ ਜਾਂਦਾ ਹੈ ?

ਜੋਬਨਿ ਹਾਰਿਆਂ: "ਜਰੁ ਆਈ ਜੋਬਨਿ ਹਾਰਿਆ" (ਆਸਾ ਦੀ ਵਾਰ)। ਗਿਆਨੀ ਸਜਣ ਇਸਦਾ ਅਰਥ ਇਉਂ ਕਰਦੇ ਹਨ ਕਿ ਜਦ ਬੁਢੇਪਾ ਆ ਗਿਆ ਤਦ ਜੋਬਨ ਹਾਰ ਗਿਆ, ਜਾਂ ਬੁਢੇਪਾ ਆ ਗਿਆ ਅਤੇ ਜੋਬਨ ਹਾਰ

ਗਿਆ। ਪਰ ਇਹ ਅਰਥ ਠੀਕ ਨਹੀਂ, ਕਿਉਂਕਿ 'ਜੋਬਨਿ' ਦੇ ਨਨੇ ਨਾਲ ਸਿਹਾਰੀ ਹੈ। ਇਥੇ 'ਜਰੁ ਆਈ' ਮੁਖ ਵਾਕ ਹੈ ਅਤੇ 'ਜੋਬਨਿ ਹਾਰਿਆਂ' ਅਧੀਨ ਵਾਕੰਸ ਹੈ। ਅਤੇ ਅਰਥ ਇਹ ਹੈ ਕਿ ਜੋਬਨ ਦੇ ਹਾਰਿਆਂ ਜਰੁ ਆ ਗਈ। ਬੁਢੇਪੇ ਦੇ ਆਉਣ ਦਾ ਕਾਰਣ (ਪਉੜੀ ਦੀਆਂ ਉਪਰਲੀਆਂ ਤੁਕਾਂ ਵਿਚ ਦਸੇ) ਵਿਸ਼ੇ ਵਿਕਾਰਾਂ ਦੇ ਭੋਗਣ ਕਰਕੇ ਜਵਾਨੀ ਦਾ ਹੁਟ ਜਾਣਾ ਹੈ॥

ਮੁਖਿ ਜੋਰਿਐ: "ਸਾਕਤ ਸਿਉ ਮੁਖਿ ਜੋਰਿਐ ਅਧਵੀਚਹੁ ਟੂਟੈ" (ਬਿਲਾਵਲ ਮ: ੫), ਮੁਖ ਜੋੜਨ ਨਾਲ॥

ਯਾਦ ਰਹੇ ਕਿ ਇਹ ਸਿਹਾਰੀ ਨਾਂਵ ਨਾਲ ਹੀ ਆਉਂਦੀ ਹੈ। ਜਦੋਂ ਇਹੋ ਜਹੀ ਵਾਕੰਸ ਵਿਚ ਨਾਂਵ ਦੀ ਥਾਂ ਪੜਨਾਂਵ ਹੋਵੇ ਤਾਂ ਉਸ ਪੜਨਾਂਵ ਨਾਲ ਸਿਹਾਰੀ ਨਹੀਂ ਹੋਂਦੀ। ਜਿਵੇਂ:—

"ਸਤਿਗੁਰ ਵਿਟਹੁ ਵਾਰਿਆ ਜਿਤੁ ਮਿਲਿਐ ਖਸਮੁ ਸਮਾਲਿਆ" (ਆਸਾ ਦੀ ਵਾਰ)।

**੧੦.** (ੳ) ਜਦ ਸਮਾਨ ਵਰਤਮਾਨ ਕਿਰਿਆ (Present Imperfect Verb) ਦੇ ਅੰਤ ਵਿਚ ਨਨਾਂ ਹੋਵੇ ਅਤੇ ਉਹਦਾ ਕਰਤਾ ਬਹੁਵਚਨ ਅਨਜ ਪੁਰਖ

(third person plural) ਹੋਵੇ, ਤਾਂ ਅੰਤਲੇ ਨਨੇ ਨਾਲ ਸਿਹਾਰੀ ਜ਼ਰੂਰ ਹੋਵੇਗੀ। ਅਰਥਾਤ ਜਦ ਕਿਸੇ ਸ਼ਬਦ ਦੇ ਅੰਤ ਵਿਚ ਨਨਾ ਹੋਵੇ ਅਤੇ ਉਹਦੇ ਅਰਥ ਹੋਣ, ਕਰਦੇ ਹਨ, ਗਾਉਂਦੇ ਹਨ, ਚਲਦੇ ਹਨ ਆਦਿਕ, ਤਾਂ ਉਸਦੇ ਅੰਤਲੇ ਨਨੇ ਨਾਲ ਸਿਹਾਰੀ ਬਿਲਾਨਾਗਾ ਆਵੇਗੀ। ਜਿਵੇ:-

ਗਾਵਨਿ, ਜਾਣਨਿ : "ਗਾਵਨਿ ਤੁਧਨੋ ਚਿਤੁ ਗੁਪਤੁ ਲਿਖਿ ਜਾਣਨਿ" (ਸੋਦਰੁ ਆਸਾ ਮ: ੧); ਅਰਥਾਤ, ਤੈਨੂੰ ਚਿਤਰ ਗੁਪਤ ਗਾਂਵਦੇ ਹਨ, ਜੋ ਲਿਖ ਜਾਣਦੇ ਹਨ।

ਵਾਇਨਿ, ਨਚਨਿ : "ਵਾਇਨਿ ਚੇਲੇ ਨਚਨਿ ਗੁਰ। ਹਲਾਇਨਿ, ਫੇਰਨਿ : ਪੈਰ ਹਲਾਇਨਿ ਫੇਰਨਿ ਸਿਰਿ" (ਆਸਾ ਦੀ ਵਾਰ)।

ਚੁਗਨਿ, ਵਸਨਿ, ਛੋਡਨਿ : 'ਕਕਰੁ ਚੁਗਨਿ, ਥਲਿ ਵਸਨਿ, ਰਬ ਨ ਛੋਡਨਿ ਪਾਸੁ" (ਸਲੋਕ ਫਰੀਦ)।

ਸਾਲਾਹਨਿ : "ਹਿੰਦੂ ਸਾਲਾਹੀ ਸਾਲਾਹਨਿ" (ਆਸਾ ਦੀ ਵਾਰ)। ਇਕ ਵੇਰ ਇਸ ਤੁਕ ਦੇ ਅਸ਼ੁਧ ਅਰਥ ਹੋਣ ਤੇ ਸਿਖਾਂ ਵਿਚ ਵਡਾ ਰੌਲਾ ਪਿਆ ਸੀ। ਇਥੇ 'ਸਾਲਾਹਨਿ' ਦੇ ਨਨੇ ਨਾਲ ਸਿਹਾਰੀ ਹੋਣ ਕਰਕੇ ਕੇਵਲ ਇਹੋ ਅਰਥ ਹੋ ਸਕਦੇ ਹਨ ਕਿ ਹਿੰਦੂ ਸਲਾਘਾ ਕਰਨ ਵਾਲੇ ਸਲਾਹੁੰਦੇ ਹਨ॥

ਜਪੁਜੀ ਸਾਹਿਬ ਦੀ ਤੁਕ, "ਸੁਣਿਐ ਮੁਖਿ ਸਾਲਾਹਣ ਮੰਦੁ", ਬਾਬਤ ਭੀ ਭੁਲੇਖਾ ਪਿਆ ਕਰਦਾ ਹੈ। ਕਈ ਸਜਣ ਇਹਦੇ ਅਰਥ ਕਰਦੇ ਹਨ, ਕਿ ਨਾਮ ਦੇ ਸੁਣਨ ਨਾਲ ਮੰਦੇ ਲੋਕ ਮੂੰਹ ਤੋਂ ਸਲਾਹੁੰਦੇ ਹਨ। ਇਹ ਠੀਕ ਨਹੀਂ। ਕਿਉਂਕਿ ਜੇ "ਸਾਲਾਹਣ" ਦੇ ਅਰਥ 'ਸਲਾਹੁੰਦੇ ਹਨ' ਹੁੰਦੇ ਤਾਂ ਇਹਦੇ ਅੰਤ ਵਿਚ ਨਨੇ ਨਾਲ ਸਿਹਾਰੀ ਹੋਂਦੀ। ਇਹ ਠੀਕ ਹੈ ਕਿ ਇਨ੍ਹਾਂ ਅਰਥਾਂ ਵਿਚ ਵਿਰਲੀ ਥਾਂ ਤੇ ਨਨੇ ਦੇ ਬਦਲੇ ਪਹਾੜੀ ਮੁਹਾਵਰੇ ਵਾਲਾ ਣਾਣਾ ਭੀ ਆ ਜਾਂਦਾ ਹੈ, ਪਰ ਬਹੁਤ ਥੋੜ੍ਹਾ। ਖ਼ੈਰ, ਨਨਾ ਹੋਵੇ ਜਾਂ ਣਾਣਾ, ਇਹਦੇ ਨਾਲ ਸਿਹਾਰੀ ਤਾਂ ਜ਼ਰੂਰੀ ਹੈ। ਇਸ ਲਈ 'ਸਾਲਾਹਣੰ' ਨੂੰ ਭਾਵਾਰਥ ਜਾਂ ਕਿਰਿਆਵੀ ਨਾਂਵ ਕਰਕੇ ਹੀ ਮਨਾਂਗੇ। ਇਹਦੇ ਅਰਥ ਹਨ, ਸਲਾਹਣਾ। ਅਤੇ ਸਾਰੀ ਤੁਕ ਦੇ ਅਰਥ ਇਹ ਹੋਣਗੇ : ਗੁਰੂ ਦੀ ਸਿਖਿਆ ਸੁਣਨ ਨਾਲ ਉਨ੍ਹਾਂ ਦਾ ਮੂਹੋਂ ਸਲਾਹਣਾ ਮੰਦਾ ਪ੍ਰਤੀਤ ਹੋਣ ਲਗ ਪਏਗਾ। ਕਿਨ੍ਹਾਂ ਦਾ ? ਉਨ੍ਹਾਂ ਦੇਵਤਿਆਂ ਦਾ ਜਿਨ੍ਹਾਂ ਦਾ ਜ਼ਿਕਰ ਪਿਛਲੀ ਤੁਕ ਵਿਚ ਹੈ। ਕਿਉਂਕਿ ਗੁਰੂ ਦੀ ਸਿਖਿਆ ਤੋਂ ਸਿਖ

ਨੂੰ ਪਤਾ ਲਗ ਗਿਆ ਹੋਵੇਗਾ ਕਿ ਕੁਦਰਤ ਵਿਚ ਕਮ ਕਰਨ ਵਾਲੀ ਸ਼ਕਤੀ ਵਾਹਿਗੁਰੂ ਹੀ ਹੈ, ਸ਼ਿਵ ਜੀ, ਬ੍ਰਹਮਾ ਤੇ ਇੰਦ੍ਰ ਨਹੀਂ। ਜਦ ਤਕ ਭਰਮ ਸੀ ਤਦ ਤਕ, 'ਉਹ ਵੇਖੈ ਓਨਾ ਨਦਰਿ ਨ ਆਵੈ' ਦੇ ਅਨੁਸਾਰ, ਮਨੁਖ ਨੇ ਪੈਦਾ, ਪਾਲਨਾ ਅਤੇ ਖੈ ਕਰਨ ਵਾਲੀ ਇਕ ਸ਼ਕਤੀ ਨੂੰ ਵੰਡ ਵੰਡ ਕੇ ਕਈ ਠੋਸ ਹਸਤੀਆਂ ਮਨਿਆਂ ਹੋਇਆ ਸੀ। ਪਰ ਹਣ ਜਦ ਉਸਨੂੰ 'ਜੋਗ ਜੁਗਤਿ ਤਨਿ ਭੇਦ' ਅਰਥਾਤ ਆਤਮਕ ਅਤੇ ਜਿਸਮਾਨੀ ਚੀਜ਼ਾਂ ਦੇ ਮੇਲ ਦਾ ਭੇਦ ਮਲੂਮ ਹੋ ਗਿਆ ਤਾਂ ਉਸਨੂੰ ਯਕੀਨ ਹੋ ਜਾਇਗਾ ਕਿ 'ਜਿਵ ਤਿਸੁ ਭਾਵੈ ਤਿਵੈ ਚਲਾਵੈ ਜਿਵ ਹੋਵੈ ਫੁਰਮਾਣੁ', ਕੇਵਲ ਇਕ ਵਾਹਿਗੁਰੂ ਸਭ ਕਮ ਚਲਾ ਰਿਹਾ ਹੈ। ਉਸਦੀ ਥਾਂ 'ਈਸਰੁ ਬਰਮਾ ਇੰਦੁ' ਦੀ ਉਸਤਤੀ ਜਾਂ ਪੂਜਾ ਕਰਨੀ ਠੀਕ ਨਹੀਂ ਭਾਸੇਗੀ॥

"ਨਾਨਕ ਲਹਰੀ ਲਖ ਸੈਆਨ ਡੁਬਣ ਦੇਇ ਨ ਮਾ ਪਿਰੀ" (ਸਲੋਕ ਮ: ੫, ਵਾਰ ਗੂਜਰੀ) ਵਿਚ 'ਸੈਆਨ' 'ਸੈ' ਦਾ ਬਹੁਵਚਨ ਹੈ ਅਤੇ ਤੁਕ ਦੇ ਅਰਥ ਇਹ ਹਨ, ਕਿ ਨਾਨਕ ਜੀ ਕਹਿੰਦੇ ਹਨ ਕਿ ਲੈਹਰਾਂ ਸੈਂਕੜੇ

(ਹਨ) ਪਰ ਮੇਰਾ ਪਿਆਰਾ ਡੁਬਣ ਨਹੀਂ ਦਿੰਦਾ। ਕਈ ਸਜਣ 'ਆਨ' ਨੂੰ 'ਸੈ' ਤੋਂ ਵਖਰਾ ਕਰਕੇ ਇਹਦੇ ਅਰਥ 'ਆਂਦੀਆਂ ਹਨ' ਕਰਦੇ ਹਨ। ਪਰ ਇਹ ਤਦ ਹੋਂਦਾ ਜੇ 'ਆਨ' ਦੇ ਨਨੇ ਨਾਲ ਸਿਹਾਰੀ ਹੋਂਦੀ।

ਮਰਨਿ: "ਮਰਣ ਮੁਣਸਾ ਸੂਰਿਆ ਹਕੁ ਹੈ ਜੋ ਹੋਇ ਮਰਨਿ ਪਰਵਾਣੋ" (ਵਡਹੰਸ ਮ: ੧)। ਕਈ ਇਸਦੇ ਅਰਥ ਇਉਂ ਕਰਦੇ ਹਨ: ਮਰਨਾ ਮਰਦਾਂ ਅਤੇ ਬਹਾਦਰਾਂ ਦਾ ਸਚਾ ਹੈ ਜੇ ਮਰਨਾ ਪਰਵਾਨ ਹੋਵੇ। ਇਥੇ ਭੁਲ ਇਹ ਹੈ ਕਿ ਸ਼ਬਦ 'ਮਰਨਿ' ਨੂੰ ਕਿਰਿਆਵੀ ਨਾਂਵ ਕਰਕੇ ਲਿਆ ਗਿਆ ਹੈ। ਪਰ ਨਨੇ ਦੀ ਸਿਹਾਰੀ ਦਸਦੀ ਹੈ ਕਿ ਇਹ ਕਿਰਿਆ ਹੈ ਅਤੇ ਇਹਦੇ ਅਰਥ ਹਨ, ਮਰਦੇ ਹਨ। ਅਗੇ ਜਾਕੇ ਅੰਤਲੀ ਤੁਕ ਵਿਚ 'ਮਰਨਿ' ਦੀ ਥਾਂ 'ਮਰਹਿ' ਆਇਆ ਹੈ। ਸਾਰੀ ਤੁਕ ਦੇ ਅਰਥ ਇਹ ਹਨ: ਮਰਣਾ ਉਨ੍ਹਾਂ ਮਰਦਾਂ ਅਤੇ ਬਹਾਦਰਾਂ ਦਾ ਹੱਕ ਹੈ ਜੋ ਪਰਵਾਨ ਹੋਕੇ ਮਰਦੇ ਹਨ।

(ਅ) ਇਸੇਤ੍ਰਾਂ ਜਦ ਅੰਤਲੇ ਸਸੇ-ਨਨੇ ਵਾਲੀ ਕਿਰਿਆ ਭੁਵਿਖਤ ਕਾਲ (Future Tense) ਵਿਚ ਹੋਵੇ ਅਤੇ ਉਹਦਾ ਕਰਤਾ ਬਹੁਵਚਨ ਅਨਜ-ਪੁਰਖ ਹੋਵੇ ਤਾਂ ਭੀ ਅੰਤ ਵਿਚ

ਸਿਹਾਰੀ ਹੋਂਦੀ ਹੈ। ਇਹ ਕਿਰਿਆ ਪਛਮੀ ਪੰਜਾਬ ਵਿਚ ਅਜੇ ਤੱਕ ਵਰਤੀ ਜਾਂਦੀ ਹੈ।

ਪਉਸਨਿ: "ਤਲਬਾ ਪਉਸਨਿ ਆਕੀਆ ਬਾਕੀ ਜਿਨਾ ਰਹੀ" (ਮ: ੧, ਵਾਰ ਰਾਮਕਲੀ)।

ਜਾਸਨਿ: "ਮਨਮੁਖਿ ਸੀਗਾਰੁ ਨ ਜਾਣਨੀ ਜਾਸਨਿ ਜਨਮੁ ਸਭੁ ਹਾਰਿ"(ਮ: ੩,ਵਾਰ ਰਾਮਕਲੀ)।

ਸਿੰਞਾਪਸਨਿ: "ਅਗੈ ਗਏ ਸਿੰਞਾਪਸਨਿ ਚੋਟਾ ਖਾਸੀ ਕਉਣੁ" (ਸਲੋਕ ਫਰੀਦ)।

ਬਹਸਨਿ: "ਗੋਰਾ ਸੇ ਨਿਮਾਣੀਆ ਬਹਸਨਿ ਰੂਹਾ ਮਲਿ" (ਸਲੋਕ ਫਰੀਦ)।

**੧੧.** ਮੂਲਿਕ ਸਿਹਾਰੀ;' ਅਰਥਾਤ ਜੇ ਕੋਈ ਸ਼ਬਦ ਕਿਸੇ ਹੋਰ ਬੋਲੀ ਵਿਚੋਂ ਆਉਂਦਿਆਂ ਆਪਣੇ ਨਾਲ ਅੰਤਲੀ ਸਿਹਾਰੀ ਲਿਆਇਆ ਹੋਵੇ, ਤਾਂ ਉਹ ਸਿਹਾਰੀ ਕਾਇਮ ਰਹੇਗੀ। ਯਥਾ:—

ਹਰਿ, ਨਾਰਿ, ਰਾਸਿ ( — ਰਾਸ ਮੰਡਲ), ਜੁਗਤਿ, ਧੁਨਿ, ਭਮਿ, ਧਰਤਿ, ਪ੍ਰੀਤਿ, ਦ੍ਰਿਸ਼ਟਿ, ਆਦਿ, ਸਿਮ੍ਰਤਿ, ਨਾਭਿ, ਮੇਦਨਿ, ਸ਼ਕਤਿ ( = ਸ਼ਕਤੀ), ਰੈਣਿ, ਰਾਤਿ, ਰੁਤਿ, ਸ੍ਰਿਸ਼ਟਿ ਜਾਂ ਸਿਰਠਿ,ਕੀਰਤਿ ਰਵਿ, ਅਗਨਿ ਜਾਂ ਆਗਿ ਜਾਂ ਅਗਿ, ਸਮਾਧਿ, ਮਰਤਿ,ਜਾਤਿ,ਜੋਤਿ,ਰੀਤਿ, ਅਤਿ, ਬ੍ਰਿਤਿ, ਪਰਵਿਰਤਿ, ਨਿਰਵਿਰਤਿ, ਥਿਤਿ, ਸਾਂਤਿ, ਸਰਣਿ, ਨਿਧਿ, ਰਿਧਿ, ਬਿਧਿ, ਜੋਨਿ, ਬਿਭੂਤਿ, ਸੁਰਤਿ, ਧੂਰਿ ਜਾਂ ਧੂੜਿ ਜਾਂ

ਧੂੜਿ, ਮੁਨਿ, ਤ੍ਰਿਪਤਿ, ਆਧਿ, ਬਿਆਧਿ, ਉਪਾਧਿ, ਚਿੰਤਾਮਣਿ, ਸੁਸਤਿ ਜਾਂ ਸੁਅਸਤਿ, ਆਦਿਕ ।

ਭਗਤਿ = ਭਗਤੀ । ਪਰ ਜਿਥੇ ਭਗਤੀ ਕਰਨ ਵਾਲੇ ਤੋਂ ਭਾਵ ਹੋਵੇ ਉਥੇ 'ਭਗਤੁ' ਜਾਂ 'ਭਗਤ' ਆਵੇਗਾ: "ਤੇਰੀ ਭਗਤਿ ਤੇਰੀ ਭਗਤਿ ਭੰਡਾਰ ਜੀ ਭਰੇ ਬਿਅੰਤ ਬੇਅੰਤਾ । ਤੇਰੇ ਭਗਤ ਤੇਰੇ ਭਗਤ ਸਲਾਹਨਿ ਤੁਧੁ ਜੀ ਹਰਿ ਅਨਿਕ ਅਨੇਕ ਅਨੰਤਾ" (ਆਸਾ ਮ: ੪) ।

ਮੁਕਤਿ = ਮੁਕਤੀ: "ਮੁਕਤਿ ਭੁਗਤਿ ਜੁਗਤਿ ਤੇਰੀ ਸੇਵਾ" (ਸੂਹੀ ਮ: ੫) । ਪਰ ਜਿਥੇ ਭਾਵ ਮੁਕਤੀ ਪ੍ਰਾਪਤ ਕਰਨ ਵਾਲੇ ਤੋਂ ਹੋਵੇ, ਉਥੇ 'ਮੁਕਤੁ' ਜਾਂ 'ਮੁਕਤ' ਆਵੇਗਾ: "ਇਹੁ ਜੀਉ ਸਦਾ ਮੁਕਤੁ ਹੈ" (ਮ: ੩, ਵਾਰ ਗੂਜਰੀ) ।

ਗਤਿ = ਗਤੀ, ਮੁਕਤੀ : "ਨਾਮੋ ਗਤਿ ਨਾਮੋ ਪਤਿ ਜਨ ਕੀ" (ਧਨਾਸਰੀ ਮ: ੫) । ਪਰ ਜਿਥੇ ਇਸ ਸ਼ਬਦ ਦੇ ਅਰਥ 'ਚਲਿਆ ਗਿਆ ਹੋਇਆ' ਹੋਣ, ਉਥੇ ਇਹਦੀ ਸ਼ਕਲ 'ਗਤੁ' ਜਾਂ 'ਗਤ' ਹੋਵੇਗੀ : "ਅਪਿਓ ਪੀਓ ਗਤੁ ਥੀਓ ਭਰਮਾ" (ਜੈਤਸਰੀ ਮ: ੫); ਅਰਥਾਤ, ਭਰਮ ਚਲੰਤੂ ਹੋਏ ।

"ਦੂਖ ਰੋਗ ਭਏ ਗਤੁ" (ਆਸਾ ਮ: ੫), ਦੁਖ ਰੋਗ ਚਲਨੇ ਵਾਲੇ ਬਣੇ ।

ਬੁਧਿ, ਸਿਧਿ = ਬੁਧੀ, ਸਿਧੀ : "ਰਿਧਿ ਬੁਧਿ ਸਿਧਿ ਗਿਆਨੁ ਸਦਾ ਸੁਖੁ ਹੋਇ" (ਮ: ੧, ਵਾਰ ਮਲਾਰ)। ਪਰ ਜਿਥੇ ਬੁਧੀ ਨੂੰ, ਸਿਧੀ ਨੂੰ ਪ੍ਰਾਪਤ ਹੋਇ ਹੋਏ ਮਨੁਖਾਂ ਤੋਂ ਭਾਵ ਹੋਵੇ, ਉਥੇ ਸ਼ਬਦ ਬੁਧੁ, ਸਿਧੁ ਜਾਂ ਬੁਧ, ਸਿਧ ਆਉਣਗੇ : "ਭੈ ਵਿਚਿ ਸਿਧ ਬੁਧ ਸੁਰ ਨਾਥ" (ਆਸਾ ਦੀ ਵਾਰ)।

ਮਤਿ – ਬੁਧਿ : "ਮਤਿ ਥੋੜੀ ਸੇਵ ਗਵਾਈਐ" (ਆਸਾ ਦੀ ਵਾਰ), ਹੋਛੀ ਬੁਧੀ ਕਰਕੇ ਕੀਤੀ ਕਰਤੀ ਸੇਵਾ ਗੰਵਾ ਲਈਦੀ ਹੈ। ਇਥੇ 'ਮਤਿ' ਦੇ ਅਰਥ 'ਐਸਾ ਨ ਹੋਵੇ ਕਿ' ਨਹੀਂ ਕੀਤੇ ਜਾ ਸਕਦੇ ਕਿਉਂਕਿ, ਜਿਹਾ ਕਿ ਨੇਮ ੫ ਹੇਠਾਂ ਦਸ ਆਏ ਹਾਂ 'ਮਤੁ' ਦਾ ਤੱਤਾ ਉਸ ਹਾਲਤ ਵਿਚ ਖ਼ਾਲੀ ਹੋਂਦਾ ਹੈ, ਜਾਂ ਉਹਦੇ ਨਾਲ ਔਂਕੜ ਹੋਂਦਾ ਹੈ, ਸਿਹਾਰੀ ਨਹੀਂ ਹੋਂਦੀ।

ਜਦ 'ਮਤੁ' ਦੇ ਅਰਥ 'ਮੱਤਾ ਹੋਇਆ' ਜਾਂ 'ਮਸਤ' ਹੋਂਦੇ ਹਨ, ਤਾਂ ਭੀ ਤਤੇ ਨਾਲ ਸਿਹਾਰੀ ਨਹੀਂ ਹੋਂਦੀ, ਔਂਕੜ ਹੋਂਦਾ ਹੈ; ਯਥਾ : "ਮਨੁ ਮੈ ਮਤੁ ਮੈਗਲ ਮਿਕਦਾਰਾ" (ਧਨਾਸਰੀ ਮ: ੩), ਮਨ ਸ਼ਰਾਬ ਦਾ ਮਤਾ ਹੋਇਆ ਹਾਥੀ ਵਰਗਾ ਹੈ। ਇਸੇ ਵਜ਼ਨ ਤੇ ਸ਼ਬਦ 'ਕਰਮ-ਰਤੁ' ਬਣਿਆ ਹੈ, ਜਿਸਦੇ

ਅਰਥ ਹਨ, 'ਕਰਮਾਂ ਦਾ ਰਤਾ', ਯਥਾ— "ਕੋਈ ਹੋਆ ਕਰਮ-ਰਤੁ ਕੋਈ ਤੀਰਥ ਨਾਇਆ" (ਧਨਾਸਰੀ ਮ: ੫)॥

**ਪਤਿ** = ਪਤੀ ਜਾਂ ਇਜ਼ਤ : "ਜਹ ਨਿਰਮਲ ਪੁਰਖੁ ਪੁਰਖ-ਪਤਿ ਹੋਤਾ" (ਸੁਖਮਨੀ)। "ਏਤੁ ਰਾਹਿ ਪਤਿ ਪਵੜੀਆ" (ਜਪੁਜੀ)। ਇਨ੍ਹਾਂ ਦੋਹਾਂ ਤੁਕਾਂ ਵਿਚ 'ਪਤਿ' ਤੋਂ ਭਾਵ ਪਤੀ ਜਾਂ ਭਰਤਾ ਹੈ। "ਮੂਰਖਿ ਅੰਧੈ ਪਤਿ ਗਵਾਈ" (ਆਸਾ ਦੀ ਵਾਰ)। ਇਥੇ 'ਪਤਿ' ਦੇ ਅਰਥ ਮਾਣ ਜਾਂ ਇਜ਼ਤ ਹਨ। ਇਸੇਤ੍ਰਾਂ 'ਬਿਪਤਿ' ਨਾਲ ਸਿਹਾਰੀ ਆਵੇਗੀ॥

ਜਦ 'ਪਤੰ' ਦੇ ਅਰਥ 'ਪਤਰ' ਹੋਣ, ਤਾਂ ਤਤਾ ਮੁਕਤਾ ਜਾਂ ਉਹਦੇ ਨਾਲ ਔਂਕੜ ਹੋਵੇਗਾ : "ਫਲ ਫਿਕੇ ਫੁਲ ਬਕਬਕੇ ਕਮਿ ਨਾ ਆਵਹਿ ਪਤ" (ਆਸਾ ਦੀ ਵਾਰ)॥ 'ਪਤੁ' ਜੋਗੀਆਂ ਦੀ ਮੁੰਦ੍ਰਾ ਦਾ ਭੀ ਸ਼ਬਦ ਹੈ। "ਸਤੁ ਸੰਤੋਖੁ ਪਤੁ ਕਰਿ ਝੋਲੀ ਜੋਗੀ ਅੰਮ੍ਰਿਤ ਨਾਮੁ ਭੁਗਤਿ ਪਾਈ" (ਰਾਮਕਲੀ ਮ: ੩)। "ਪਤੁ ਝੋਲੀ ਮੰਗਣ ਕੈ ਤਾਈ ਭੀਖਿਆ ਨਾਮੁ ਪੜੇ" (ਰਾਮਕਲੀ ਮ: ੧)॥

**ਮਿਤਿ** = ਹਦ, extent : "ਕਰਤੇ ਕੀ ਮਿਤਿ ਕਰਤਾ ਜਾਣੈ, ਕੈ ਜਾਣੈ ਗੁਰੁ ਸੂਰਾ" (ਦਖਣੀ ਓਅੰਕਾਰ)।

ਜਿਥੇ 'ਮਿਤੁ' ਮਿਤਰ ਦੀ ਥਾਂ ਆਵੇ, ਉਥੇ ਤਤੇ ਨਾਲ ਸਿਹਾਰੀ ਨਹੀਂ ਹੋਂਦੀ : "ਮਿਟੀ ਪਈ ਅਤੋਲਵੀਂ ਕੋਇ ਨ ਹੋਸੀ ਮਿਤੁ" (ਸਲੋਕ ਫਰੀਦ)। "ਮਿਤੁ ਪੈਝੈ ਮਿਤੁ ਬਿਗਸੈ" (ਰਾਮ-ਕਲੀ ਸੱਦ)।

ਸਤਿ = ਸਚਾ : ਇਹ ਵਿਸ਼ੇਸ਼ਣ ਹੈ ਅਤੇ ਇਹਦੇ ਅੰਤ ਸਿਹਾਰੀ ਆਉਂਦੀ ਹੈ: "ਚਰਨ ਸਤਿ, ਸਤਿ ਪਰਸਨਹਾਰ। ਪੂਜਾ ਸਤਿ, ਸਤਿ ਸੇਵਦਾਰ"। "ਆਪਿ ਸਤਿ, ਸਤਿ ਸਭ ਧਾਰੀ" (ਸੁਖਮਨੀ)। ਪਰ ਜਿਥੇ 'ਸਤੁ' ਨਾਂਵ ਹੋਂਦਾ ਹੈ, ਉਥੇ ਇਹਦਾ ਤਤਾ ਮੁਕਤਾ ਜਾਂ ਔਂਕੜ ਵਾਲਾ ਹੋਂਦਾ ਹੈ, ਅਤੇ ਅਰਥ ਹੋਂਦੇ ਹਨ, 'ਸਚੁ' ਜਾਂ 'ਸਤਿਆ', 'ਦਾਨ ਪੁੰਨ' ਜਾਂ 'ਕਿਸੇ ਖਾਸ ਸ੍ਰੇਣੀ ਦਾ ਖ਼ਾਸ ਧਰਮ' (ਜਿਵੇਂ ਇਸਤ੍ਰੀ ਜਾਤੀ ਦਾ ਖਾਸ ਗੁਣ ਚਾਲ ਚਲਨ ਦੀ ਪਵਿਤ੍ਰਤਾ ਹੈ)। ਯਥਾ:

"ਸੁਣਿਐ ਸਤੁ, ਸੰਤੋਖੁ, ਗਿਆਨੁ" (ਜਪੁਜੀ)। ਇਥੇ 'ਸਤੁ' ਦੇ ਅਰਥ ਹਨ, ਸਚਾਈ ਦਾ ਭਾਵ।

"ਪਤਿ ਵਿਣੁ ਪੂਜਾ, ਸਤ ਵਿਣੁ ਸੰਜਮ, ਜਤ ਵਿਣੁ ਕਾਹੇ ਜਨੇਊ" ( ਰਾਮਕਲੀ ਮ: ੧)। ਇਥੇ 'ਸਤ' ਦੇ ਅਰਥ 'ਦਾਨ' ਹਨ।

ਬਿਨਾ ਦਾਨ ਦੇ ਸੰਜਮ ਨਾਲ ਰੈਹਣਾ ਕੰਜੂਸੀ ਹੋਵੇਗੀ।

"ਸਤੁ ਸੀਗਾਰ, ਭਉ ਅੰਜਨੁ ਪਾਇਆ। ਅੰਮ੍ਰਿਤ ਨਾਮੁ ਤੰਬੋਲ ਮੁਖਿ ਖਾਇਆ" (ਸੂਹੀ ਮ: ੫)। ਇਥੇ ਇਸਤ੍ਰੀ ਰੂਪ ਹੋਕੇ ਗੁਰੂ ਸਾਹਿਬ ਵਾਹਿਗੁਰੂ ਕੰਤ ਨੂੰ ਰੀਝਾਣ ਲਈ ਆਪਣੇ ਸਿੰਗਾਰ ਦਾ ਵੇਰਵਾ ਦਸਦੇ ਹਨ। 'ਸਤੁ' ਤੋਂ ਭਾਵ ਇਸਤ੍ਰੀ ਦਾ ਜਤ ਹੈ। "ਬਿਨੁ ਸਤ ਸਤੀ ਹੋਇ ਕੈਸੇ ਨਾਰਿ" (ਗਉੜੀ ਕਬੀਰ)।

ਕਲਿ = ਕਲੀ, ਕਲਿਜੁਗ ਜਾਂ ਚਿੰਤਾ: "ਨਾਮਰਜਾਦੁ ਆਇਆ ਕਲਿ ਭੀਤਰਿ ਨਾਂਗੋ ਬੰਧਿ ਚਲਾਇਆ" (ਵਡਹੰਸ ਮ: ੧)। "ਗੁਰਮੁਖਿ ਨਾਮੁ ਜਪੈ ਉਧਰੈ ਸੋ ਕਲਿ ਮਹਿ ਘਟਿ ਘਟਿ ਨਾਨਕ ਮਾਝਾ" (ਸੂਹੀ ਮ: ੫)। ਇਨ੍ਹਾਂ ਦੋਹਾਂ ਤੁਕਾਂ ਵਿਚ 'ਕਲਿ' ਤੋਂ ਭਾਵ ਕਲਿਜੁਗ ਹੈ। "ਕਲਿ ਕਲੇਸ ਮਿਟੰਤ ਸਿਮਰਣਿ ਕਾਟਿ ਜਮਦੂਤ ਫਾਸ" (ਗੂਜਰੀ ਮ: ੫)। ਇਥੇ 'ਕਲਿ' ਤੋਂ ਭਾਵ ਚਿੰਤਾ ਜਾਂ ਮਨ ਦਾ ਦੁਖ ਹੈ।

ਜਦ 'ਕਲ' ਦੇ ਅਰਥ ਕਲਾ, ਸ਼ਕਤੀ, ਹੁਨਰ ਜਾਂ ਸਕੀਮ ਹੋਂਦੇ ਹਨ ਤਾਂ ਇਹਦੇ ਅੰਤ ਸਿਹਾਰੀ ਨਹੀਂ ਹੋਂਦੀ: "ਆਪੇ ਹੀ

ਕਰਣਾ ਕੀਓ ਕਲ ਆਪੇ ਹੀ ਤੈ ਧਾਰੀਐ" (ਆਸਾ ਦੀ ਵਾਰ)।

"ਜਾਤਿ ਮਹਿ ਜੋਤਿ, ਜੋਤਿ ਮਹਿ ਜਾਤਾ, ਅਕਲ ਕਲਾ ਭਰਪੂਰਿ ਰਹਿਆ" (ਆਸਾ ਦੀ ਵਾਰ) । ਇਥੇ 'ਅਕਲ' ਦੇ ਅਰਥ 'ਕਲਪਣਾ ਤੋਂ ਰਹਤ' ਨਹੀਂ ਹੋ ਸਕਦੇ, ਕਿਉਂਕਿ ਲਲੇ ਨਾਲ ਸਿਹਾਰੀ ਨਹੀਂ। ਇਥੇ 'ਅਕਲ ਕਲਾ' ਦੇ ਅਰਥ ਹਨ, ਐਸੇ ਹੁਨਰ ਨਾਲ ਜੋ (ਬਣੌਟੀ) ਹੁਨਰ ਤੋਂ ਰਹਤ ਹੋਵੇ, ਭਾਵ ਬਹੁਤ ਹੀ ਉਚੇ ਅਤੇ ਅਚੰਭਾ ਕਰ ਦੇਣ ਵਾਲੇ ਕੋਮਲ ਹੁਨਰ ਨਾਲ । ਸਭ ਤੋਂ ਚੰਗਾ ਹੁਨਰ ਉਹ ਹੋਂਦਾ ਹੈ ਜਿਸ ਵਿਚ ਹੁਨਰ ਦੀ ਹੋਂਦ ਨ ਦਿਸੇ । ਚਿਤਰਕਾਰ ਅਪਣੇ ਹੁਨਰ ਵਿਚ ਪੂਰਨ ਸਫਲਤਾ ਤਦ ਹੀ ਪ੍ਰਾਪਤ ਕਰਦਾ ਹੈ ਜਦ ਵੇਖਣ ਵਾਲੇ ਦੀਅ ਅਖਾਂ ਦੇ ਸਾਮ੍ਹਣਿਓਂ ਚਿਤਰ ਦਾ ਕਾਗਜ਼ ਅਤੇ ਰੰਗਾਕਾਰੀ ਓਹਲੇ ਹੋ ਜਾਵੇ ਤੇ ਮੂਰਤ ਹੀ ਮੂਰਤ ਦਿਸੇ। ਜੇ ਮੂਰਤ ਦੀਆਂ ਅਖਾਂ ਅਤੇ ਬੁਲ੍ਹਾਂ ਵਲ ਵੇਖਦਿਆਂ ਕਾਗਜ਼ ਦੀ ਤਖਤੀ ਅਤੇ ਰੰਗ ਦੀਆਂ ਲਕੀਰਾਂ ਵੇਖਣ ਵਾਲੇ ਦੀ ਰੁਚੀ ਨੂੰ ਖਿਚਦੀਆਂ ਹਨ, ਤਾਂ ਉਹਦਾ ਹੁਨਰ ਪੂਰਾ ਨਹੀਂ। ਰਾਜਾ ਦੁਸ਼ਯੰਤ

ਸਕੁੰਤਲਾ ਦੀ ਤਸਵੀਰ ਵੇਖਦਿਆਂ ੨ ਇੱਨਾ ਮਗਨ ਹੋ ਜਾਂਦਾ ਹੈ ਕਿ ਉਹਦੀਆਂ ਆਪ-ਣੀਆਂ ਅਖਾਂਚੋਂ ਹੰਝੂ ਕਿਰਕੇ ਮੂਰਤ ਦੀਆਂ ਅਖਾਂ ਉਤੇ ਜਾ ਪੈਂਦਾ ਹੈ, ਪਰ ਉਹਨੂੰ ਇਹੋ ਪ੍ਰਤੀਤ ਹੋਂਦਾ ਹੈ ਕਿ ਉਹ ਹੰਝੂ ਚਿਤਰਕਾਰ ਨੇ ਸਕੁੰਤਲਾ ਦੀਆਂ ਅਖਾਂ ਵਿਚ ਬਣਾਇਆ ਹੈ। ਜੇ ਦੁਸ਼ੰਤ ਦਾ ਕਾਗਜ਼ ਅਤੇ ਰੰਗ ਵਲ ਧਿਆਨ ਜਾਂਦਾ ਤਾਂ ਉਹਦੇ ਉਤੇ ਇਹ ਅਸਰ ਨਾਹ ਹੋਂਦਾ। ਸਾਂਗ ਰਚਣ ਵਾਲਿਆਂ ਅਤੇ ਗਾਉਣ ਵਾਲਿਆਂ ਦਾ ਭੀ ਇਹੋ ਯਤਨ ਹੋਂਦਾ ਹੈ ਕਿ ਜੋ ਵਸੀਲੇ ਤੇ ਢੰਗ ਹੁਨਰ ਨੂੰ ਕਾਮਯਾਬ ਬਣਾਨ ਵਿਚ ਵਰਤੇ ਜਾਂਦੇ ਹਨ, ਉਹ ਲੋਕਾਂ ਦੀਆਂ ਅਖਾਂ ਅਤੇ ਕੰਨਾਂ ਤੋਂ ਲੋਪ ਰਹਿਣ। ਇਸੇ ਲਈ ਲਾਤੀਨੀ ਵਿਚ ਇਕ ਅਖਾਵਤ ਹੈ ਕਿ "ਹੁਨਰ ਦੇ ਛੁਪਾਣ ਦਾ ਨਾਂ ਹੁਨਰ ਹੈ"। ਰਬ ਦਾ ਹੁਨਰ ਉਹਦੀ ਕੁਦਰਤ ਹੈ। ਗੁਰੂ ਸਾਹਿਬ ਦਾ ਭਾਵ ਇਹ ਹੈ ਕਿ ਸਾਰੀਆਂ ਸ੍ਰੇਣੀਆਂ ਦੀਆਂ ਹਸਤੀਆਂ ਵਿਚ ਵਾਹਿਗੁਰੂ ਦਾ ਨੂਰ ਹੈ ਅਤੇ ਉਸੇ ਨੂਰ ਵਿਚ ਸਾਰੀਆਂ ਹਸਤੀਆਂ ਹਨ। ਪਰ ਇਹ ਨੂਰ ਉਨ੍ਹਾਂ ਵਿਚ ਐਸੇ ਕੋਮਲ ਹੁਨਰ ਨਾਲ ਪ੍ਰਵੇਸ਼ ਕਰ ਰਿਹਾ ਹੈ

ਕਿ ਮਾਨੋਂ ਕੋਈ ਹੁਨਰ ਵਰਤਿਆ ਹੀ ਨਹੀਂ ਗਿਆ। ਮਾਦੀ ਚੀਜ਼ਾਂ ਵਿਚ ਆਤਮਕ ਜੋਤ ਦਾ ਸਮਾਉਣਾ ਇਕ ਵਡੇ ਅਚੰਭੇ ਦੀ ਗਲ ਹੈ। ਗੁਲਾਬ ਦੇ ਬੂਟੇ ਵਿਚ ਉਹਦਾ ·ਬੀਜ, ਮਿਟੀ, ਪਾਣੀ, ਹਵਾ ਆਦਿਕ ਮਾਦੀ ਚੀਜ਼ਾ ਰਲਕੇ ਕਮ ਕਰ ਰਹੀਆਂ ਹਨ, ਪਰ ਇਨ੍ਹਾਂ ਤੋਂ ਅਡ ਇਕ ਹੋਰ ਕੋਮਲ ਤੋਂ ਕੋਮਲ ਚੀਜ਼ ਭੀ ਕਮ ਕਰ ਰਹੀ ਹੈ। ਉਹ ਵਾਹਿਗੁਰੂ ਦੀ ਜੋਤ ਹੈ ਜੋ ਉਸਦੀ ਮਾਦੀ ਹਸਤੀ ਵਿਚ ਐਸੇ ਬਰੀਕ ਅਤੇ ਅਦ੍ਰਿਸ਼ ਤਰੀਕੇ ਨਾਲ ਵਰਤਦੀ ਹੈ ਕਿ ਵਡੇ ਤੋਂ ਵਡਾ ਸਾਇੰਸਦਾਨ ਭੀ ਹਰਾਨ ਰਹਿ ਜਾਂਦਾ ਹੈ। ਇਸੇਤਰਾਂ ਸਾਡੇ ਸਰੀਰ, ਸਾਡੇ ਮਨ, ਸਾਡੇ ਆਤਮਾ, ਸਾਡੇ ਰੂਪ, ਸਾਡੇ ਰਾਗ ਵਿਚ ਵਾਹਿਗੁਰੂ ਦੀ ਜੋਤ ਅਲੋਪ ਹੋਕੇ ਵਰਤ ਰਹੀ ਹੈ। ਅਤੇ ਸਾਡਾ ਭੀ ਸਭ ਤੋਂ ਉਚਾ ਫਰਜ਼ ਇਹੋ ਦਸਿਆ ਹੈ ਕਿ ‘‘ਨਿਰੰਕਾਰ ਮਹਿ ਅਕਾਰੁ ਸਮਾਵੈ, ਅਕਲ ਕਲਾ ਸਚੁ ਸਾਚਿ ਟਿਕਾਵੈ, ਸੋ ਨਰੁ ਗਰਭ ਜੋਨਿ ਨਹੀ ਆਵੈ‘‘(ਆਸਾ ਮ:੧); ਅਰਥਾਤ, ਜੇ ਮਨੁਖ ਆਪਣੀ ਮਾਦੀ ਹਸਤੀ ਨੂੰ ਆਕਾਰ ਰਹਿਤ ਮਹਾਂ ਜੋਤੀ ਸਰੂਪ ਵਾਹਿਗੁਰੂ ਵਿਚ ਲੀਨ ਕਰੇ ਅਤੇ ਪੂਰਣ ਜੁਗਤੀ ਨਾਲ

ਆਪਣੀ ਅਸਲੀਅਤ ਨੂੰ ਵਾਹਿਗੁਰੂ ਦੀ ਅਸਲੀਅਤ ਵਿਚ ਟਿਕਾ ਦੇਵੇ, ਤਾਂ ਬਸ ਉਹ ਮੁਕਤ ਹੋ ਗਿਆ ਸਮਝੋ।

ਇਸੇ ਤਰ੍ਹਾਂ ਜਦ 'ਕੋਟਿ' ਦਾ ਭਾਵ 'ਕ੍ਰੋੜ' ਹੁੰਦਾ ਹੈ ਤਾਂ ਇਹਦੇ ਅੰਤ ਵਿਚ ਸਿਹਾਰੀ ਹੋਂਦੀ ਹੈ, ਅਤੇ ਜਦ ਇਹਦਾ ਅਰਥ 'ਕਿਲ੍ਹਾ' ਹੁੰਦਾ ਹੈ ਤਾਂ ਟੈਂਕਾ ਖ਼ਾਲੀ ਜਾਂ ਔਂਕੜ ਨਾਲ ਆਉਂਦਾ ਹੈ। ਜਦ 'ਹਸਤਿ' 'ਹਸਤੀ' ਦੀ ਥਾਂ ਹਾਥੀ ਦੇ ਅਰਥ ਰਖਦਾ ਹੈ ਤਾਂ ਇਹਦੇ ਅੰਤ ਵਿਚ ਸਿਹਾਰੀ ਆਂਦੀ ਹੈ, ਅਤੇ ਜਦ ਇਹਦੇ ਅਰਥ ਹੋਂਦੇ ਹਨ 'ਹਥ' ਜਾਂ 'ਹਸਦਾ' ਤਦ ਓਹਦੀ ਸ਼ਕਲ 'ਹਸਤੁ' ਜਾਂ 'ਹਸਤ' ਹੋਂਦੀ ਹੈ। ਸੁਧਿ ਦੇ ਅਰਥ 'ਸੋਝੀ' ਹਨ; 'ਸੁਧੁ' ਦੇ ਅਰਥ 'ਸੋਧਿਆ ਹੋਇਆ' ਹਨ। 'ਮੂਰਤਿ' ਦੇ ਅਰਥ 'ਮੂਰਤੀ' ਜਾਂ ਸ਼ਕਲ ਹਨ, ਅਤੇ 'ਮੂਰਤੁ' ਮਹੂਰਤ ਦੀ ਥਾਂ ਆਇਆ ਹੈ॥

**੧੨.** ਇਸਤ੍ਰੀ ਲਿੰਗ ਵਾਚਕ ਸਿਹਾਰੀ—

(ੳ) ਓਡਾਰਣਿ, ਅਹਰਣਿ, ਸੋਹਾਗਣਿ, ਕਲਾਲਣਿ, ਬੈਰਨਿ, ਮਾਲਿਨਿ, ਬਨਜਾਰਨਿ, ਬੈਰਾਗਣਿ, ਸਾਹਨਿ (= ਸ਼ਾਹਣੀ), ਸਾਪਨਿ, ਸਰਪਨਿ, ਜਲਨਿ, ਚਲਣਿ, ਪੜੋਸਣਿ, ਸਉਕਨਿ, ਗੀਹਨਿ, ਤਾਜਨਿ ਜਾਂ ਤੇਜਣਿ (= ਘੋੜੀ,) ਧਾਣਿ, ਕਾਣਿ, ਆਣਿ, ਪਾਣਿ;

ਕਾਮਣਿ : "ਗੁਣ ਕਾਮਣ ਕਾਮਣਿ ਕਰੈ ਤਉ ਪਿਆਰੇ ਕਉ ਪਾਵੈ" (ਤਿਲੰਗ ਮ: ੧), ਜੋ ਇਸਤ੍ਰੀ

ਗੁਣਾਂ ਦਾ ਤਵੀਤ ਬਣਾਏ ਤਾਂ ਪਿਆਰੇ ਨੂੰ ਪਾ ਸਕਦੀ ਹੈ। ਪਹਿਲੇ 'ਕਾਮਣ' ਦਾ ਣਾਣਾ ਮੁਕਤਾ ਹੈ ਅਤੇ ਉਹਦਾ ਅਰਥ ਤਵੀਤ ਜਾਂ ਟੂਣੇ ਵਾਲਾ ਧਾਗਾ ਹੈ। ਅਤੇ ਦੂਜੇ ਦੇ ਅੰਤ ਵਿਚ ਸਿਹਾਰੀ ਹੈ ਅਤੇ ਅਰਥ ਇਸਤ੍ਰੀ ਹੈ।

ਤਰੁਣਿ : "ਜੈਸੀ ਤਰੁਣਿ ਭਤਾਰ-ਉਰਝੀ ਪਿਰਹਿ ਸਿਵੈ, ਇਹੁ ਮਨੁ ਲਾਲ ਦੀਜੈ" (ਆਸਾ ਮ: ੫)। ਇਥੇ 'ਤਰੁਣਿ' ਦਾ ਅਰਥ ਇਸਤ੍ਰੀ ਹੈ। "ਤਰਣੁ ਦੁਹੇਲਾ ਭਇਆ ਖਿਨ ਮਹਿ ਖਸਮੁ ਚਿਤਿ ਨ ਆਇਓ" (ਆਸਾ ਮ: ੫)। ਇਥੇ 'ਤਰਣੁ' ਤੋਂ ਭਾਵ 'ਤਰਨਾ' ਹੈ। ਕਈ ਭੁਲ ਕਰਕੇ 'ਤਰਣੁ' ਦਾ ਅਰਥ ਇਸਤ੍ਰੀ ਕਰਦੇ ਹਨ, ਕਿਉਂਕਿ ਇਸ ਤੁਕ ਵਿਚ ਸ਼ਬਦ 'ਖਸਮੁ' ਆਇਆ ਹੈ। 'ਤਰੁਣ' ਦਾ ਅਰਥ ਜਵਾਨੀ ਹੈ।

ਇਨ੍ਹਾਂ ਤੋਂ ਛੁਟ ਕੁਝ ਹੋਰ ਸ਼ਬਦ ਹੇਠਾਂ ਦਿੰਦੇ ਹਾਂ ਜਿਨ੍ਹਾਂ ਦੇ ਅੰਤ ਵਿਚ ਸਿਹਾਰੀ ਇਸਤ੍ਰੀ ਲਿੰਗ ਵਾਚਕ ਮਾਲੂਮ ਹੁੰਦੀ ਹੈ:—ਬੇਲਿ, ਦਾਲਿ, ਖਾਲਿ, ਭੀਤਿ, ਭੁਜਾਰਤਿ, ਕਰਤੂਤਿ, ਘਾੜਤਿ, ਦਾਤਿ, ਤਪਤਿ, ਛੋਤਿ, ਮਸੀਤਿ ਹਟਤਾਲਿ (= ਹੜਤਾਲ), ਨਦਰਿ, ਖਬਰਿ, ਡੋਰਿ, ਵਾਰਿ ਜਾਂ ਵਾੜਿ (= ਵਾੜੀ), ਛੁਟਕਿ, ਭਸਮੜਿ, ਅਰਦਾਸਿ, ਫੁਰਮਾਇਸਿ, ਸਾਬਾਸਿ, ਰਹਰਾਸਿ।

(ਅ) ਕਈ ਵੇਰ ਜਦ ਵਿਸ਼ੇਸ਼ਣ ਪਦ ਇਸਤ੍ਰੀ ਲਿੰਗ ਵਾਲੇ ਨਾਂਵ ਕਰਕੇ ਵਰਤੇ ਜਾਂਦੇ ਹਨ, ਤਾਂ ਭੀ ਅੰਤ ਵਿਚ ਸਿਹਾਰੀ ਆਂਦੀ ਹੈ। ਯਥਾ:—

ਬੇਪੀਰਿ : "ਸੁਨਿ ਅੰਧਲੀ ਲੋਈ ਬੇਪੀਰਿ" (ਗੌਂਡ ਕਬੀਰ)

ਕੂੜਿਆਰਿ : "ਪਿਰ ਕਾ ਹੁਕਮੁ ਨ ਜਾਣਈ, ਭਾਈ; ਵਿਣੁ ਨਾਵੈ ਕੂੜਿਆਰਿ" (ਸੋਰਠਿ ਮ: ੩)।

ਸੁੰਦਰਿ, ਸੁਜਾਣਿ, ਚਤੁਰਿ : "ਬਿਨੁ ਕੰਤ ਪਿਆਰੇ ਨਹ ਸੂਖ ਸਾਰੇ ਹਾਰ ਕੰਙਨ ਧ੍ਰਿਗੁ ਬਨਾ। ਸੁੰਦਰਿ ਸੁਜਾਣਿ ਚਤੁਰਿ ਬੇਤੀ ਸਾਸ ਬਿਨੁ ਜੈਸੇ ਤਨਾ" (ਰਾਮਕਲੀ ਮ: ੫)।

ਚੰਚਲਿ : "ਚੰਚਲਿ ਸੰਗਿ ਨ ਚਾਲਤੀ, ਸਖੀਏ, ਅੰਤਿ ਤਜਿ ਜਾਵਤ ਮਾਇਆ" (ਬਿਲਾਵਲੁ ਮ: ੫)।

ਸੁਘਰਿ, ਨਿਰਗੁਨਿ: "ਨਹ ਚਤੁਰਿ ਸੁਘਰਿ ਸੁਜਾਨਿ ਬੇਤੀ ਮੋਹਿ ਨਿਰਗੁਨਿ ਗੁਨੁ ਨਹੀ"(ਬਿਲਾਵਲ ਮ: ੫)।

ਪ੍ਰਧਾਨਿ: "ਤੂ ਸਤਵੰਤੀ ਤੂ ਪਰਧਾਨਿ" (ਆਸਾ ਮ:੫)।

ਕਰੂਪਿ, ਸਰੂਪਿ: "ਪਹਿਲੀ ਕਰੂਪਿ ਕੁਜਾਤਿ ਕੁਲਖਨੀ ਸਾਹੁਰੈ ਪੇਈਐ ਬੁਰੀ। ਅਬਕੀ ਸਰੂਪਿ ਸੁਜਾਨਿ ਸੁਲਖਨੀ ਸਹਜੇ ਉਦਰਿ ਧਰੀ" (ਆਸਾ ਕਬੀਰ)।

ਸੇਵਕਿ: "ਹਿਰਦੈ ਹਰਿ ਹਰਿ ਨਾਮ ਰਸੁ ਕਵਲਾ ਸੇਵਕਿ ਤਿਸੁ" (ਮ: ੩, ਵਾਰ ਬਿਲਾਵਲ); ਜਿਸਦੇ ਹਿਰਦੇ ਵਿਚ ਹਰੀ ਦਾ ਨਾਮ ਰਸ ਹੋਂਦਾ ਹੈ, ਲਛਮੀ ਉਸਦੀ ਸੇਵਕ ਹੋਂਦੀ ਹੈ।

(ਏ) ਅਰਬੀ ਤੋਂ ਆਏ ਨਾਂਵ ਜਿਨ੍ਹਾਂ ਦੇ ਅੰਤ ਵਿਚ ਤੇ ਦੀ ਥਾਂ ਤਤਾ ਹੋਵੇ, ਅਤੇ ਇਸਤ੍ਰੀ ਲਿੰਗ ਹੋਣ, ਉਨ੍ਹਾਂ ਦੇ ਅੰਤਲੇ ਤਤੇ ਨਾਲ ਸਿਹਾਰੀ ਦਿਤੀ ਹੋਂਦੀ ਹੈ:—ਕੁਦਰਤਿ, ਸਿਫਤਿ, ਹਿਕਮਤਿ, ਹੁਜਤਿ, ਮਿਹਰਾਮਤਿ, ਸਰੀਅਤਿ, ਹੁਰਮਤਿ, ਗੈਰਤਿ, ਕਰਮਾਤਿ ਜਾਂ ਕਰਾਮਾਤਿ, ਸਲਾਮਤਿ, ਕੀਮਤਿ, ਮੁਸਕਤਿ, ਮੁਹਲਤਿ, ਨਉਬਤਿ, ਨੀਅਤਿ, ਹੈਰਤਿ, ਸੂਰਤਿ, ਜਰੂਰਤਿ, ਖਿਜਮਤਿ, ਦਉਲਤਿ, ਮਿੰਨਤਿ, ਖਸਲਤਿ, ਨਿਆਮਤਿ, ਸੁਨਤਿ, ਰਈਅਤਿ, ਮਸੂਰਤਿ, ਮੁਹਬਤਿ, ਤਰੀਕਤਿ, ਮਸਲਤਿ, ਮਾਹੀਤਿ, ਉਮਤਿ।

**੧੩.** ਸੰਖਿਆਵਾਚਕ ਅਨਿਸਚਿਤ ਪੜਨਾਵਾਂ (Indefinite Pronouns) ਦੀ ਬਹੁਵਾਚਕ ਸੰਖਿਆ ਪ੍ਰਗਟ ਕਰਨ ਲਈ ਭੀ ਸਿਹਾਰੀ ਵਰਤੀ ਗਈ ਹੈ:—

ਇਕਿ: ਜਦੋਂ 'ਇਕ' ਬਹੁਵਚਨ ਨਹੀਂ ਹੋਂਦਾ ਤਾਂ ਇਹਦੇ ਅੰਤ ਵਿਚ ਸਿਹਾਰੀ ਨਹੀਂ ਹੋਂਦੀ: "ਅਸਲੂ ਇਕੁ ਧਾਤੁ" (ਜਪੁਜੀ)। ਪਰ ਜਦੋਂ ਇਹ ਬਹੁਵਚਨ ਅਨਿਸਚਿਤ ਪੜਨਾਂਵ ਹੋਵੇ ਤਾਂ ਇਹਦੇ ਅੰਤ ਵਿਚ ਸਿਹਾਰੀ ਜਰੂਰ ਹੋਵੇਗੀ: "ਇਕਿ ਘਰਿ ਆਵਹਿ ਆਪਣੈ,

ਇਕਿ ਮਿਲਿ ਮਿਲਿ ਪੁਛਹਿ ਸੁਖ" (ਆਸਾ ਮ: ੧)। "ਇਕਿ ਦਾਤੇ ਇਕਿ ਭੇਖਾਰੀ ਜੀ ਸਭਿ ਤੇਰੇ ਚੋਜ ਵਿਡਾਣਾ" (ਆਸਾ ਮ: ੪)।

ਇਸ ਨੇਮ ਨੂੰ ਮੁਖ ਰਖਕੇ ਵੇਖੋ ਕਿ "ਇਕ ਆਪੀਨ੍ਹੈ ਪਤਲੀ ਸਹ ਕੇਰੇ ਬੋਲਾ" (ਸੂਹੀ ਫਰੀਦ) ਦੇ ਜੋ ਆਮ ਤੌਰ ਪਰ ਅਰਥ ਕੀਤੇ ਜਾਂਦੇ ਹਨ, ਉਹ ਕਿਥੇ ਤੱਕ ਠੀਕ ਹਨ।

ਹਿਕਿ : "ਬਨਿ ਭੀਆਵਲੈ ਹਿਕੁ ਸਾਥੀ ਲਧਮੁ"(ਮ: ੫, ਵਾਰ ਗੂਜਰੀ) । ਇਥੇ 'ਹਿਕੁ' ਇਕ-ਵਚਨ ਹੈ। "ਹਿਕਦੂੰ ਹਿਕਿ ਚਾੜੇ ਅਨਿਕ ਪਿਆਰੇ, ਨ੍ਿਤ ਕਰਦੇ ਭੋਗ ਬਿਲਾਸਾ" (ਜੈਤਸਰੀ ਮ: ੫)। ਇਥੇ 'ਹਿਕਿ' ਬਹੁਵਚਨ ਕਰਕੇ ਸਿਹਾਰੀ ਨਾਲ ਆਇਆ ਹੈ।

ਏਕਿ: "ਏਕਿ ਨਚਾਵਹਿ ਏਕਿ ਭਵਾਵਹਿ ਇਕਿ ਆਇ ਜਾਇ ਹੋਇ ਧੂਰਾ"(ਰਾਮਕਲੀਮ:੫)।

ਹੋਰਿ: 'ਹੋਰ' ਜਦ ਇਕ-ਵਚਨ ਹੋਂਦਾ ਹੈ, ਤਾਂ ਇਹਦਾ ਰਾਰਾ ਮੁਕਤਾ ਜਾਂ ਔਂਕੜ ਵਾਲਾ ਹੋਂਦਾ ਹੇ। ਜਿਵੇਂ: "ਧਰਤੀ ਹੋਰੁ ਪਰੈ ਹੋਰੁ ਹੋਰੁ"(ਜਪੁਜੀ)।"ਕਰਮਿ ਮਿਲੈ ਤਾ ਪਾਈਐ, ਹੋਰੁ ਹਿਕਮਤਿ ਹੁਕਮੁ ਖੁਆਰੁ" (ਆਸਾ ਦੀ ਵਾਰ)।

ਪਰ ਜਦੋਂ ਇਹੋ ਸ਼ਬਦ ਬਹੁਵਚਨ ਹੋਕੇ ਆਉਂਦਾ ਹੈ ਤਾਂ ਇਹਦੇ ਰਾਰੇ ਨਾਲ ਸਿਹਾਰੀ ਹੋਂਦੀ ਹੈ। ਯਥਾ: "ਏਤੇ ਕੀਤੇ, ਹੋਰਿ ਕਰੇਹਿ"। "ਹੋਰਿ ਕੇਤੇ ਗਾਵਨਿ ਸੇ ਮੈ ਚਿਤਿ ਨ ਆਵਨਿ" (ਜਪੁਜੀ)।

"ਨਾਨਕ ਨਿਰਭਉ ਨਿਰੰਕਾਰੁ, ਹੋਰਿ ਕੇਤੇ ਰਾਮ ਰਵਾਲ"। "ਹਉ ਢਾਢੀ ਕਾ ਨੀਚ ਜਾਤਿ, ਹੋਰਿ ਉਤਮ ਜਾਤਿ ਸਦਾਇਦੇ" (ਆਸਾ ਦੀ ਵਾਰ)।

ਅਵਰਿ : "ਕਹੈ ਪ੍ਰਭੁ ਅਵਰੁ, ਅਵਰੁ ਕਿਛੁ ਕੀਜੈ" (ਬਿਲਾਵਲ ਮ: ੪)। ਇਥੇ "ਅਵਰੁ' ਇਕ-ਵਚਨ ਹੈਂ।

"ਅਵਰਿ ਉਪਾਵ ਸਭਿ ਤਿਆਗਿਆ ਦਾਰੂ ਨਾਮੁ ਲਇਆ" (ਬਿਲਾਵਲ ਮ: ੫)।

"ਜਪੁ ਤਪੁ ਸਭੁ ਕਿਛੁ ਮੰਨਿਐ, ਅਵਰਿ ਕਾਰਾ ਸਭਿ ਬਾਦਿ" (ਮ: ੨, ਵਾਰ ਰਾਮਕਲੀ ਮ: ੩)। ਇਨ੍ਹਾਂ ਦੋਹਾਂ ਤੁਕਾਂ ਵਿਚ 'ਅਵਰਿ' ਬਹੁਵਚਨ ਹੋਣ ਕਰਕੇ ਸਿਹਾਰੀ ਨਾਲ ਆਇਆ ਹੈ॥

**੧੪** ਵਾਕ ਵਿਚ ਕਰਤਾ ਉਤੇ ਜ਼ੋਰ ਦੇਣ ਲਈ ਭੀ ਸਿਹਾਰੀ ਵਰਤੀ ਗਈ ਹੈ। ਇਹੋ ਸਿਹਾਰੀ ਖੁਲ੍ਹਕੇ ਤੇ ਲੰਮੀ ਹੋਕੇ ਲਾਂ ਬਣ ਜਾਂਦੀ ਹੈ, ਜਿਸਦਾ ਜ਼ਿਕਰ

ਲਾਂ ਦੇ ਨੇਮ ਹੇਠਾਂ ਕਰਾਂਗੇ। "ਨਾਮਾ ਸੁਲਤਾਨੇ ਬਾਧਿਲਾ" (ਭੈਰਉ ਨਾਮਦੇਵ) ਵਿਚ 'ਸੁਲਤਾਨੇ' ਬਰਾਬਰ ਹੈ 'ਸੁਲਤਾਨਿ' ਦੇ, ਜਿਹਦੇ ਅਰਥ ਹਨ 'ਸੁਲਤਾਨ ਨੇ'। "ਠਾਢਿ ਪਾਈ ਕਰਤਾਰੇ" (ਸੋਰਠਿ ਮ: ੫) ਵਿਚ 'ਕਰਤਾਰੇ' ਬਰਾਬਰ ਹੈ 'ਕਰਤਾਰਿ' ਦੇ, ਜਿਹਦੇ ਅਰਥ ਹਨ 'ਕਰਤਾਰ ਨੇ'। ਅਜੇ ਤਕ ਲੈਂਹਦੇ ਪੋਠੋਹਾਰ ਅਤੇ ਉਸਮਾਨ ਖਟੜ ਵਲ ਲੋਕੀ ਕਹਿੰਦੇ ਹਨ: ਕਿਸ਼ਨੇ ਮੈਨੂੰ ਮਾਰਿਆ। ਈਸ਼ਰ ਚੰਦੇ ਆਖਿਆ। ਜੇ ਜ਼ੋਰ ਨ ਦੇਣਾ ਚਾਹੁਣ ਤਾਂ ਉਹੋ ਲੋਕ ਆਖਣਗੇ: ਕਿਸ਼ਨ ਮੈਨੂੰ ਮਾਰਿਆ।

ਗੁਰਿ: "ਗੁਰਿ ਹਾਥੁ ਧਰਿਓ ਮੇਰੈ ਮਾਥਾ" (ਜੈਤਸਰੀ ਮ: ੪); ਅਰਥਾਤ, ਮੇਰੇ ਮਥੇ ਤੇ ਹਥ ਗੁਰੂ ਨੇ ਧਰਿਆ।

ਪ੍ਰਮੇਸੁਰਿ: "ਹਾਥ ਦੇਇ ਰਾਖੇ ਪਰਮੇਸੁਰਿ ਸਗਲਾ ਦੁਰਤੁ ਮਿਟਾਇਆ" (ਗੂਜਰੀ ਮ: ੫)।

ਪ੍ਰਭਿ: "ਸਰਬ ਕਲਿਆਣ ਪ੍ਰਭਿ ਕੀਨੇ" (ਸੋਰਠਿ ਮ: ੫), ਹਰ ਤਰ੍ਹਾਂ ਦੀ ਸੁਖਸਾਂਦ ਪ੍ਰਭੂ ਨੇ ਕੀਤੀ।

ਪੁਰਖਿ: "ਕਰਤੈ ਪੁਰਖਿ ਤਾਲੁ ਦਿਵਾਇਆ" (ਸੋਰਠਿ ਮ: ੫), ਤਲਾ ਕਰਤੇ ਪੁਰਖ ਨੇ ਦਿਵਾਇਆ।

ਗੁਰਿ ਅਮਰਦਾਸਿ: "ਗੁਰਿ ਅਮਰਦਾਸਿ ਕਰਤਾਰੁ ਕੀਅਉ ਵਸਿ" (ਕੀਰਤ, ਸਵਯੇ ਮ: ੪), ਗੁਰੂ

ਅਮਰਦਾਸ ਨੇ ਕਰਤਾਰ ਨੂੰ ਵਸ ਕੀਤਾ।

ਸਤਿਗੁਰਿ : "ਜਿਨ ਕਉ ਸਤਿਗੁਰਿ ਥਾਪਿਆ ਤਿਨ ਮੇਟਿ ਨ ਸਕੈ ਕੋਇ" (ਸ੍ਰੀ ਰਾਗ ਮ: ੧), ਜਿਨ੍ਹਾਂ ਨੂੰ ਤਾਂ ਸਤਿਗੁਰੂ ਨੇ ਅਸਥਾਪਨ ਕੀਤਾ ਹੋਵੇ, ਉਨ੍ਹਾਂ ਨੂੰ ਕੋਈ ਮੇਟ ਨਹੀਂ ਸਕਦਾ।

ਬਾਪਿ : "ਬਾਪਿ ਦਿਲਾਸਾ ਮੇਰੋ ਕੀਨਾ। ਸੇਜ ਸੁਖਾਲੀ ਮੁਖਿ ਅਮ੍ਰਿਤੁ ਦੀਨਾ। ਤਿਸੁ ਬਾਪ ਕਉ ਕਿਉ ਮਨਹੁ ਵਿਸਾਰੀ" (ਆਸਾ ਕਬੀਰ)। ਪਹਿਲੀ ਤੁਕ ਵਿਚ 'ਬਾਪਿ' ਕਰਤਾ ਹੈ ਅਤੇ ਤੀਜੀ ਵਿਚ ਕਰਮ।

ਮੂਰਖਿ : "ਮੂਰਖਿ ਅੰਧੈ ਪਤਿ ਗਵਾਈ" (ਆਸਾ ਦੀ ਵਾਰ), ਅੰਨ੍ਹੇ ਮੂਰਖ ਨੇ ਪਤ ਗਵਾ ਲਈ।

ਜਿਨਿ : "ਜਿਨਿ ਹਰਿ ਪਾਇਓ ਤਿਨਹਿ ਛਪਾਇਓ" (ਟੋਡੀ ਨਾਮਦੇਵ), ਜਿਸ ਕਿਸੇ ਨੇ ਹਰੀ ਨੂੰ ਪਾਇਆ, ਉਸਨੇ ਇਸ ਗਲ ਨੂੰ ਲੁਕਾ ਕੇ ਰਖਿਆ ਹੈ।

"ਜਿਨਿ ਦੀਏ ਤਿਸੁ ਬੁਝੈ ਨ ਬਿਗਾਨਾ" (ਸੁਖਮਨੀ)।

"ਧਨੁ ਧਨੁ ਸਤਿਗੁਰੁ ਜਿਨਿ ਨਾਮੁ ਦ੍ਰਿੜਾਇਆ" (ਜੈਤਸਰੀ ਮ: ੪)। ਇਨਾਂ ਮਿਸਾਲਾਂ ਵਿਚ 'ਜਿਨਿ' ਕਰਤਾ ਹੈ। ਜਿਥੇ

ਇਹ ਕਰਤਾ ਨਹੀਂ ਹੋਂਦਾ, ਉਥੇ ਇਹਦੇ ਅੰਤ ਵਿਚ ਸਿਹਾਰੀ ਨਹੀਂ ਹੋਂਦੀ। ਯਥਾ: "ਜਿਨ ਮਨਿ ਪ੍ਰੀਤਿ ਲਗੀ ਹਰਿ ਕੇਰੀ ਤਿਨ ਧੁਰਿ ਭਾਗ ਪੁਰਾਨਾ : ਤਿਨ ਹਮ ਚਰਣ ਸਰੇਵਹ ਖਿਨੁ ਖਿਨੁ ਜਿਨ ਹਰਿ ਮੀਠ ਲਗਾਨਾ" (ਜੈਤਸਰੀ ਮ: ੪) ॥

ਤਿਨਿ : "ਜਿਸਕਾ ਸਾ ਤਿਨਿ ਲੀਆ ਮਿਲਾਇ" (ਸੁਖਮਨੀ)। ਜਿਥੇ 'ਤਿਨ' ਕਰਤਾ ਨਹੀਂ ਹੋਂਦਾ, ਉਥੇ ਇਹਦੇ ਨਨੇ ਨਾਲ ਸਿਹਾਰੀ ਨਹੀਂ ਹੋਂਦੀ :

"ਕਈ ਕੋਟਿ ਪਾਰਬ੍ਰਹਮ ਕੇ ਦਾਸ। ਤਿਨ ਹੋਵਤ ਆਤਮ ਪ੍ਰਗਾਸ" (ਸੁਖਮਨੀ)। "ਪੜਹਿ ਗੁਣਹਿ ਤਿਨ ਚਾਰ ਵੀਚਾਰ" (ਆਸਾ ਦੀ ਵਾਰ); ਅਰਥਾਤ, ਜੋ ਉਨ੍ਹਾਂ (ਵੇਦਾਂ) ਨੂੰ ਪੜ੍ਹਦੇ ਗੁੜ੍ਹਦੇ ਹਨ, ਤਿਨ੍ਹਾਂ ਲੋਕਾਂ ਨੂੰ ਕਰਮਾਂ ਦੀ ਵਿਚਾਰ ਪ੍ਰਾਪਤ ਹੋਂਦੀ ਹੈ, ਕਿ ਅਮਕਾ ਕਰਮ ਸ਼ੁਭ ਹੈ ਤੇ ਅਮਕਾ ਅਸ਼ੁਭ।

ਜਿਸ 'ਤਿਨਿ' ਦੇ ਅਰਥ 'ਤ੍ਰੈ' ਹਨ, ਉਹਦੇ ਨਨੇ ਨਾਲ ਸਦਾ ਸਿਹਾਰੀ ਹੁੰਦੀ ਹੈ : "ਤਿਨਿ ਚੇਲੇ ਪਰਵਾਣੁ" (ਜਪੁਜੀ)।

"ਥਾਲ ਵਿਚਿ ਤਿੰਨਿ ਵਸਤੂ ਪਈਓ" (ਮੁੰਦਾਵਣੀ ਮ: ੫)॥

ਆਪਿ : "ਜਿਨ ਕਉ ਆਪਿ ਦੇਇ ਵਡਿਆਈ, ਜਗਤੁ ਭੀ ਆਪੇ ਆਣਿ ਤਿਨ੍ ਕਉ ਪੈਰੀ ਪਾਏ" (ਮ: ੪, ਵਾਰ ਗਉੜੀ)।

"ਆਪਿ ਜਪਹੁ ਅਵਰਾ ਨਾਮ ਜਪਾਵਹੁ" (ਸੁਖਮਨੀ)। "ਆਪਿ ਲੀਏ ਲੜਿ ਲਾਇ" (ਆਸਾ ਫਰੀਦ)।

ਪਰ ਜਿਥੇ 'ਆਪੁ' ਕਰਤਾ ਨਹੀਂ ਹੋਂਦਾ, ਉਥੇ ਇਹਦੇ ਅੰਤ ਵਿਚ ਸਿਹਾਰੀ ਨਹੀਂ ਹੋਂਦੀ । ਜਿਵੇਂ : "ਗੁਰ ਕਿਰਪਾ ਤੇ ਜਾਣਿਆ ਜਿਥੈ ਤੁਧੁ ਆਪੁ ਬੁਝਾਇਆ" (ਆਸਾ ਦੀ ਵਾਰ); ਅਰਥਾਤ, ਮਨੁਖ ਨੂੰ ਜਿਸ ਹਾਲਤ ਜਾਂ ਪਦਵੀ ਵਿਚ ਤੈਨੇ ਆਪਣਾ ਆਪੁ ਦਸਿਆ ਹੈ, ਉਸੇ ਹਾਲਤ ਵਿਚ ਉਸਨੇ ਗੁਰੂ ਦੀ ਕਿਰਪਾ ਨਾਲ ਤੈਨੂੰ ਜਾਣ ਲਿਆ ਹੈ॥ "ਸਭ ਪਵੈ ਪੈਰੀ ਸਤਿਗੁਰੂ ਕੇਰੀ ਜਿਥੈ ਗੁਰੂ ਆਪੁ ਰਖਿਆ" (ਰਾਮਕਲੀ ਸੱਦ); ਸਾਰੇ ਪੈਰੀਂ ਪਏ ਸਤਿਗੁਰੂ (ਰਾਮਦਾਸ ਜੀ) ਦੇ, ਜਿਨ੍ਹਾਂ ਵਿਚ ਗੁਰੂ (ਅਮਰਦਾਸ ਜੀ) ਨੇ ਆਪਣਾ ਆਪੁ ਰਖਿਆ॥

"ਸਤਿਗੁਰਿ ਮਿਲਿਐ ਸਚੁ ਪਾਇਆ, ਜਿਨੀ ਵਿਚਹੁ ਆਪੁ ਗਵਾਇਆ" (ਆਸਾ ਦੀ ਵਾਰ), ਮਨੁਖ ਨੇ ਉਸ ਸਤਿਗੁਰੂ ਦੇ ਮਿਲਣ ਤੋਂ ਸਚ ਪਾਇਆ, ਜਿਸਨੇ ਉਹਦੇ ਵਿਚੋਂ ਹਉਮੈ ਕਢੀ।

"ਨਾਨਕ ਵਡਾ ਆਖੀਐ, ਆਪੇ ਜਾਣੈ ਆਪੁ" (ਜਪੁਜੀ); ਨਾਨਕ, ਉਹ ਆਪਣੇ ਆਪ ਨੂੰ ਆਪੇ ਜਾਣਦਾ ਹੈ; ਸਾਨੂੰ ਤਾਂ ਚਾਹੀਦਾ ਹੈ ਕਿ ਵਡਾ ਹੀ ਆਖੀਏ।

"ਜਬ ਆਪਨ ਆਪੁ ਆਪਿ ਉਰਿਧਾਰੈ" (ਸੁਖਮਨੀ)। ਇਸ ਤੁਕ ਵਿਚ 'ਆਪਿ' ਕਰਤਾ ਹੈ ਅਤੇ 'ਆਪੁ' ਕਰਮ ਹੈ।

"ਆਪੀਨੈ ਆਪੁ ਸਾਜਿਓ, ਆਪੀਨੈ ਰਚਿਓ ਨਾਉ" (ਆਸਾ ਦੀ ਵਾਰ)। ਇਸ ਤੁਕ ਦੇ ਆਮ ਤੌਰ ਤੇ ਅਰਥ ਠੀਕ ਨਹੀਂ ਕੀਤੇ ਜਾਂਦੇ। ਕਈ ਲੋਕ ਇਹ ਅਰਥ ਕਰਦੇ ਹਨ ਕਿ ਵਾਹਿਗੁਰੂ ਨੇ ਸ੍ਰਿਸ਼ਟੀ ਆਪਣੇ ਆਪ ਰਚੀ ਅਤੇ ਆਪੇ ਹੀ ਜੀਵਾਂ ਦੇ ਨਾਉਂ ਰਚੇ। ਇਸ ਤੋਂ ਉਪਰੰਤ ਹੋਰ ਕਿਹੜੀ ਚੀਜ਼ ਬਣਾਣ ਗੋਚਰੇ ਰਹਿ ਗਈ ਸੀ, ਜਿਹਦੇ ਲਈ "ਦੁਯੀ ਕੁਦਰਤਿ ਸਾਜੀਐ" ਕਹਿਣਾ ਪਿਆ? ਇਹ ਅਰਥ

ਠੀਕ ਨਹੀਂ। ਇਥੇ 'ਆਪੁ' ਕਰਮ ਹੈ, ਜਿਸਦੇ ਅਰਥ ਹਨ 'ਆਪਣੇ ਆਪ ਨੂੰ'। ਭਾਈ ਗੁਰਦਾਸ ਜੀ ਭੀ ਕਹਿੰਦੇ ਹਨ: "ਆਪੇ ਆਪੁ ਉਪਾਇਕੈ ਆਪੇ ਅਪਣਾ ਨਾਉ ਧਰਾਇਆ" (ਵਾਰ ੧੮. ੭)। ਵਾਹਿਗੁਰੂ ਨੂੰ ਦੋਹਾਂ ਰੂਪਾਂ ਵਿਚ ਕਥਨ ਕੀਤਾ ਗਿਆ ਹੈ; ਇਕ ਤਾਂ ਆਪਣੇ ਸੰਬੰਧ ਵਿਚ ਆਪ, ਜਿਸਨੂੰ ਨਿਰਗੁਣ ਭੀ ਕਿਹਾ ਗਿਆ ਹੈ, ਅਤੇ ਦੂਜਾ ਸ੍ਰਿਸ਼ਟੀ ਦੇ ਸੰਬੰਧ ਵਿਚ, ਜਿਸਨੂੰ ਸਰਗੁਣ ਜਾਂ 'ਨਾਮ' ਰੂਪ ਕਰਕੇ ਸਦਿਆ ਗਿਆ ਹੈ। ਜਦ ਸ੍ਰਿਸ਼ਟੀ ਨਹੀਂ ਸੀ ਬਣੀ ਤਾਂ ਵਾਹਿਗੁਰੂ ਨਿਰਗੁਣ ਰੂਪ ਵਿਚ ਸੀ, ਅਤੇ ਜਦ ਉਸਨੇ ਰਚਨਾ ਕਰਕੇ ਆਪਣਾ ਪ੍ਰਕਾਸ਼ ਕੀਤਾ ਤਾਂ ਸਰਗੁਣ ਰੂਪ ਹੋਕੇ ਵਰਤਣ ਲਗਾ। ਇਨ੍ਹਾਂ ਦੋਹਾਂ ਰੂਪਾਂ ਦਾ ਵਿਸਥਾਰ ਸੁਖਮਨੀ ਸਾਹਿਬ ਦੀ ਇਕੀਹਵੀਂ ਅਸ਼ਟਪਦੀ ਵਿਚ ਖੁਲ੍ਹੇ ਤੌਰ ਤੇ ਕੀਤਾ ਹੋਇਆ ਹੈ। ਬਾਵਨ ਅਖਰੀ ਦੀ ਪਹਿਲੀ ਪਉੜੀ ਵਿਚ ਭੀ ਹੈ। ਗੁਰੂ ਜੀ ਉਪਰਲੀ ਤੁਕ ਵਿਚ ਦਸਦੇ ਹਨ ਕਿ ਵਾਹਿਗੁਰੂ ਨਿਰਗੁਣ ਅਤੇ ਸਰਗੁਣ ਦੋਹਾਂ ਰੂਪਾਂ ਵਿਚ ਆਪਣੇ ਆਪ ਤੋਂ ਹੈ। ਕਿਸੇ ਹੋਰ ਨੇ ਨਹੀਂ ਬਣਾਇਆ। ਇਹੋ ਭਾਵ ਹੋਰ

ਕਈ ਵਾਰਾਂ ਦੇ ਅਰੰਭ ਵਿਚ ਚਿਤਾ ਹੋਇਆ ਹੈ। ਯਥਾ : "ਆਪਣਾ ਆਪੁ ਉਪਾਇਓਨੁ, ਤਦਹੁ ਹੋਰੁ ਨ ਕੋਈ। ਮਤਾ ਮਸੂਰਤਿ ਆਪਿ ਕਰੈ, ਜੋ ਕਰੇ ਸੁ ਹੋਈ। ਤਦਹੁ ਅਕਾਸੁ ਨ ਪਤਾਲੁ ਹੈ ਨਾ ਤ੍ਰੈ ਲੋਈ। ਤਦਹੁ ਆਪੇ ਆਪਿ ਨਿਰੰਕਾਰੁ ਹੈ ਨਾ ਓਪਤਿ ਹੋਈ" (ਗੂਜਰੀ ਕੀ ਵਾਰ ਮ: ੩)। ਇਥੇ ਭੀ ਮਿ: ਮੈਕਾਲਿਫ ਅਤੇ ਕਈ ਹੋਰਨਾ ਨੇ "ਆਪਣਾ ਆਪੁ ਉਪਾਇਓਨੁ" ਦੇ ਅਰਥ ਭੁਲ ਕੇ ਇਹ ਕੀਤੇ ਹਨ ਕਿ ਵਾਹਿਗੁਰੂ ਨੇ ਆਪਣੇ ਆਪ ਰਚਨਾ ਰਚੀ । ਪਰ ਇਹ ਨਹੀਂ ਵੇਖਿਆ ਕ੍ਰਿ ਤਲਵੀਆਂ ਤੁਕਾਂ ਵਿਚ ਇਹਦੇ ਉਲਟ ਦਸਿਆ ਹੈ ਕਿ ਉਸ ਵੇਲੇ ਨ ਅਕਾਸ਼ ਸੀ, ਨ ਪਤਾਲ ਸੀ, ਬਲਕਿ ਉਤਪਤੀ ਹੀ ਨਹੀਂ ਸੀ। ਫਿਰ ਪਤਾ ਨਹੀਂ "ਆਪਣਾ ਆਪੁ" ਦੇ ਅਰਥ "ਆਪਣੇ ਆਪਿ" ਕਿਸਤਰਾਂ ਕਰ ਦਿੰਦੇ ਹਨ ! ਇਥੇ ਅਰਥ ਸਾਫ਼ ਹੈ ਕਿ ਵਾਹਿਗੁਰੂ ਨੇ ਆਪਣੇ ਆਪ ਨੂੰ ਪੈਦਾ ਕੀਤਾ ॥

ਖੁਦਿ : "ਖੁਦਿ ਖਸਮ ਖਲਕ ਜਹਾਨ ਅਲਹ ਮਿਹਰਵਾਨ ਖੁਦਾਇ" (ਤਿਲੰਗ ਮ: ੫) ॥

੧੫. ਕਈ ਵੇਰ ਜਦ ਕਵਿਤਾ ਦੀ ਲੋੜ ਅਨੁਸਾਰ ਲੰਮੀ ਅਵਾਜ਼ ਨੂੰ ਛੋਟੀ ਕਰਨਾ ਪੈਂਦਾ ਹੈ ਤਾਂ ਸਿਹਾਰੀ ਹੋਰਨਾਂ ਲੱਗਾਂ ਮਾਤ੍ਰਾਂ ਦੀ ਥਾਂ ਭੀ ਵਰਤੀ ਜਾਂਦੀ ਹੈ।

ਬਿਹਾਰੀ ਦੀ ਥਾਂ: ਚਾਲਸਿ = ਚਾਲਸੀ; ਉਤਰਸਿ = ਉਤਰਸੀ; ਤੁਟਸਿ = ਤੁਟਸੀ; ਪਕਰਸਿ = ਪਕੜਸੀ; ਹੋਵਗਿ = ਹੋਵੇਗੀ; ਵਜਗਿ = ਵਜੇਗੀ; ਆਵਗਿ = ਆਵੇਗੀ; ਬਾਣਿ = ਬਾਣੀ; ਸਭਿ = ਸਭੀ; ਹਸਤਿ = ਹਸਤੀ; ਲੇਖਣਿ = ਲੇਖਣੀ; ਮੇਦਨਿ = ਮੇਦਨੀ; ਬਲਿ = ਬਲੀ; ਭਿ = ਭੀ; ਜਨਨਿ = ਜਨਨੀ; ਰੋਮਾਵਲਿ = ਰੋਮਾਵਲੀ; ਮਣਿ = ਮਣੀ;

ਚੇਰਿ — ਚੇਰੀ : "ਅਨਿਕ ਮਾਇਆ ਹੈ ਤਾਕੀ ਚੇਰਿ" (ਰਾਮਕਲੀ ਮ: ੫)।

ਪੰਖਿ = ਪੰਖੀ : "ਜੈਸੇ ਤਰਵਰ ਪੰਖਿ ਬਸੇਰਾ" (ਸੋਰਠਿ ਰਵਿਦਾਸ)।

ਦਰਿਬਾਰਿ = ਦਰਬਾਰੀ : "ਮੇਟੀ ਜਾਤਿ, ਹੂਏ ਦਰਬਾਰਿ" (ਗੋਂਡ ਰਵਿਦਾਸ)।

ਸੁਆਮਿ = ਸੁਆਮੀ : "ਮਾਤ ਪਿਤਾ ਸੁਆਮਿ ਸਜਣੁ ਸਭੁ ਜਗਤੁ ਬਾਲ ਗੋਪਾਲਾ" (ਵਡਹੰਸ ਮ: ੫)।

ਗੋਦਾਵਰਿ = ਗੋਦਾਵਰੀ : "ਗੰਗਾ ਜਉ ਗੋਦਾਵਰਿ ਜਾਈਐ" (ਰਾਮਕਲੀ ਨਾਮਦੇਵ)।

ਬਾਵਲਿ = ਬਾਵਲੀ : "ਬਾਵਲਿ ਹੋਈ ਸੋ ਸਹੁ ਲੋਰਉ" (ਸੂਹੀ ਫਰੀਦ)।

ਦਾਸਿ = ਦਾਸੀਂ = ਦਾਸਾਂ ਨੇ : "ਹਰਿ ਸੁਖ ਨਿਧਾਨ ਨਾਨਕ ਦਾਸਿ ਪਾਇਆ" (ਧਨਾਸਰੀ ਮ: ੫)।

ਸੁਰਿ, ਮੁਨਿ = ਸੁਰੀ, ਮੁਨੀ : "ਆਖਹਿ ਸੁਰਿ ਨਰ ਮੁਨਿ ਜਨ ਸੇਵ" (ਜਪੁਜੀ); ਅਰਥਾਤ, ਸੁਰੀ ਨਰ ਅਤੇ ਮੁਨੀ ਜਨ। ਇਥੇ 'ਸੁਰਿ' ਅਤੇ 'ਮੁਨਿ' ਵਿਸ਼ੇਸ਼ਣ ਹਨ ਨਰ ਅਤੇ ਜਨ ਦੇ। "ਸੁਣਿਐ ਸਿਧ ਪੀਰ ਸੁਰਿ ਨਾਥ" (ਜਪੁਜੀ) ਵਿਚ ਕਈ ਸਜਣ'ਸੁਰਿ'ਦਾ ਅਰਥ ਦੇਵਤਾ ਕਰਦੇ ਹਨ, ਜੋ ਠੀਕ ਨਹੀਂ। ਕਿਉਂਕਿ ਜਿਥੇ 'ਸੁਰ' ਨਾਂਵ ਹੋਂਦਾ ਹੈ ਅਤੇ ਇਹਦੇ ਅਰਥ ਦੇਵਤਾ ਹੋਦੇ ਹਨ, ਉਥੇ ਇਹਦੇ ਰਾਰੇ ਨਾਲ ਸਿਹਾਰੀ ਨਹੀਂ ਹੋਂਦੀ। ਜਿਵੇਂ—"ਨਰ ਤੇ ਸੁਰ ਹੋਇ ਜਾਤ ਨਿਮਖ ਮੈ ਸਤਿਗੁਰ ਬੁਧਿ ਸਿਖਲਾਈ" (ਗੌਂਡ ਨਾਮਾ)। "ਸੁਰ ਪਵਿਤ੍ਰ ਨਰ ਦੇਵ ਪਵਿਤ੍ਰਾ ਖਿਨੁ ਬੋਲਹੁ ਗੁਰਮੁਖਿ ਬਾਣੀ" (ਰਾਮਕਲੀ ਮ: ੫)। ਜੇ 'ਸੁਰਿ' ਦੇ ਅਰਥ ਦੇਵਤਾ

ਹੋਂਦੇ ਤਾਂ ਸਿਧ, ਪੀਰ ਅਤੇ ਨਾਥ ਵਾਕਰ ਇਹਦਾ ਅੰਤਲਾ ਅਖਰ ਮੁਕਤਾ ਹੋਂਦਾ। ਤੁਕ ਦੇ ਅਰਥ ਇਹ ਹੋਣਗੇ: ਗੁਰੂ ਦੀ ਸਿਖਿਆ ਸੁਣਨ ਨਾਲ ਮਨੁਖ ਨੂੰ ਸਿਧਾਂ, ਪੀਰਾਂ ਅਤੇ ਵਡੇ ਨਾਥਾਂ ਸੰਬੰਧੀ ਗਿਆਨ ਹੋ ਜਾਂਦਾ ਹੈ ॥

ਲਾਂ ਦੀ ਥਾਂ : ਨੇਰਿ = ਨੇੜੇ : "ਕੋਟਿ ਬਿਘਨ ਨਹੀਂ ਆਵਹਿ ਨੇਰਿ" (ਰਾਮਕਲੀ ਮ: ੫)।

ਚਾਰਿ = ਚਾਰੇ : "ਪੰਡਿਤ ਮੈਲੁ ਨ ਚੁਕਈ ਵੇਦ ਪੜੈ ਜੁਗ ਚਾਰਿ" (ਮ: ੩, ਵਾਰ ਸੋਰਠਿ "ਇਹ ਮਾਇਆ ਕੀ ਸੋਭਾ ਚਾਰਿ ਦਿਹਾ ਜਾਦੀ ਬਿਲਮੁ ਨ ਹੋਇ" (ਆਸਾ ਮ: ੩) "ਚਚੈ ਚਾਰਿ ਵੇਦ ਜਿਨਿ ਸਾਜੇ ਚਾ ਖਾਣੀ ਚਾਰਿ ਜੁਗਾ" (ਆਸਾ ਮ: ੧)। ਜਿਥੇ 'ਚਾਰ' ਉਤੇ ਜ਼ੋਰ ਨਹੀਂ ਹੋਂਦਾ, ਉਥੇ ਲਾਂ ਜਾਂ ਸਿਹਾਰੀ ਨਹੀਂ ਆਉਂਦੀ : "ਚਾਰ ਪਦਾਰਥ ਜੇ ਕੋ ਮਾਗੈ" (ਸੁਖਮਨੀ)॥

ਤਲਿ = ਤਲੇ : "ਡੁਬਿ ਮੁਏ ਬਗ ਬਪੁੜੇ ਸਿਰੁ ਤਲਿ ਉਪਰਿ ਪਾਉ" (ਮ: ੩, ਵਾਰ ਵਡਹੰਸ)।

ਕਿੰਨਿ = ਕਿੰਨੇ : "ਜਿਮੀ ਪੁਛੈ ਅਸਮਾਨ ਫਰੀਦਾ ਖੇਵਟ ਕਿੰਨਿ ਗਏ" (ਆਸਾ)।

ਛੋਟੇ ਯਯੇ ਦੀ ਥਾਂ : ਸਾਸਤ੍ਰਿ = ਸਾਸ
ਧੰਨਿ = ਧੰਨਜ, ਧੰਨ੍ਹ ॥

:0:

## ਬਿਹਾਰੀ (ੀ)

**੧੯.** ਬਹੁਵਚਨ ਨਾਵਾਂ ਦੇ ਅੰਤ ਵਿਚ ਸੰਬੰਧਕੀ ਅਰਥ ਦਿੰਦੀ ਹੈ। ਇਹਦੇ ਨਾਲ ਬਿੰਦੀ ਲਿਖੀ ਹੋਈ ਨਹੀਂ ਹੋਂਦੀ, ਪ੍ਰੰਤੂ ਅਰਥ ਕਰਨ ਵੇਲੇ ਨਾਲ ਪੜ੍ਹੀ ਜਾਂਦੀ ਹੈ।

ਸਿਖੀਂ = ਸਿਖਾਂ ਨੇ : "ਸਿਖੀ ਸਿਖਿਆ ਗੁਰ ਵੀਚਾਰਿ" (ਆਸਾ ਦੀ ਵਾਰ)।

ਪੁਤ੍ਰੀਂ = ਪੁਤ੍ਰਾਂ ਨੇ : "ਪੁਤ੍ਰੀ ਕਉਲੁ ਨ ਪਾਲਿਓ" (ਵਾਰ ਸੱਤਾ)।

ਅਖੀਂ = ਅਖਾਂ ਨੂੰ : "ਅਖੀ ਸੂਤਕੁ ਵੇਖਣਾ ਪਰ ਤ੍ਰਿਅ ਪਰ ਧਨ ਰੂਪ"।

ਕੰਨੀਂ = ਕੰਨਾਂ ਨੂੰ : "ਕੰਨੀ ਸੂਤਕੁ ਕੰਨਿ ਪੈ ਲਾਇਤਬਾਰੀ ਖਾਹਿ" (ਆਸਾ ਦੀ ਵਾਰ)।

ਉਪਾਵੀਂ = ਉਪਾਵਾਂ ਨਾਲ : "ਅਨਿਕ ਉਪਾਵੀ ਰੋਗੁ ਨ ਜਾਇ" (ਸੁਖਮਨੀ)।

ਨੇਤ੍ਰੀਂ = ਨੇਤ੍ਰਾਂ ਨਾਲ: "ਇਨੀ ਨੇਤ੍ਰੀ ਜਗਤੁ ਨਿਹਾਲਿਆ" (ਆਸਾ ਦੀ ਵਾਰ)।

ਅਖਰੀਂ = ਅਖਰਾਂ ਨਾਲ : "ਅਖਰੀ ਲਿਖਣੁ ਬੋਲਣੁ ਬਾਣਿ" (ਜਪੁਜੀ)।

ਥਣੀਂ = ਥਣਾਂ ਕਰਕੇ : "ਸਸੁੜਿ ਸੁਹੀਆ ਕਿਵ ਕਰੀ, ਨਿਵਣੁ ਨ ਜਾਇ ਥਣੀ" (ਮਹਲਾ ੧, ਸਲੋਕ ਵਾਰਾਂ ਤੇ ਵਧੀਕ)।

ਅਵਤਾਰੀਂ = ਅਵਤਾਰਾਂ ਵਿਚ : "ਕਿਸਨੁ ਸਦਾ ਅਵਤਾਰੀ ਰੂਧਾ" (ਵਡਹੰਸ ਮ: ੩) ॥

੧੭. ਉਸ ਕਿਰਿਆ ਦੇ ਅੰਤ ਵਿਚ ਜਿਸਦੇ ਅਰਥ ਹੋਣ, ਮੈਂ ਕਰਾਂ ਜਾਂ ਕਰਦਾ ਹਾਂ, ਆਦਿਕ.—

ਸੋਚੀਂ = ਮੈਂ ਸੋਚਾਂ : "ਜੇ ਸੋਚੀ ਲਖ ਵਾਰ" (ਜਪੁਜੀ)।

ਕਰੀਂ = ਮੈਂ ਕਰਾਂ : "ਕੰਚਨ ਕੇ ਕੋਟ ਦਤੁ ਕਰੀ" (ਸ੍ਰੀ ਰਾਗ ਮ: ੧)।

ਠਗੀਂ = ਮੈਂ ਠਗਦਾ ਹਾਂ : "ਹਉ ਠਗਵਾੜਾ ਠਗੀ ਦੇਸੁ" (ਸ੍ਰੀ ਰਾਗ ਮ: ੧)। ਟ੍ਰੰਪ ਸਾਹਿਬ ਨੇ ਧੱਕਾ ਕਰਕੇ ਇਸ ਤੁਕ ਦੇ ਅਰਥ ਕੀਤੇ ਹਨ ਕਿ ਮੈਂ ਠਗਾਂ ਦੇ ਦੇਸ ਵਿਚ ਇਕ ਠਗ ਹਾਂ। ਇਸਤ੍ਰਾਂ ਗੁਰੂ ਸਾਹਿਬ ਉਤੇ ਆਪਣੇ ਦੇਸ ਨੂੰ ਬਦਨਾਮ ਕਰਨ ਦਾ ਦੋਸ਼ ਥਪਿਆ ਹੈ ਮੈਕਾਲਿਫ ਸਾਹਿਬ ਨੇ ਭੀ ਇਸ ਅਰਥ ਨੂੰ ਪਰਵਾਨ ਕੀਤਾ ਹੈ ॥

ਤੋਲਾਂ = ਮੈਂ ਤੋਲਾਂ : "ਘਟ ਹੀ ਭੀਤਰਿ ਸੋ ਸਹੁ ਤੋਲੀ" (ਸੂਹੀ ਮ: ੧) ॥

**੧੮.** ਸਿਹਾਰੀ ਦੀ ਥਾਂ:-

(ੳ) ਕਦੀ ੨ ਉਸ ਸਿਹਾਰੀ ਦੇ ਅਰਥ ਦਿੰਦੀ ਹੇ ਜਿਸਦਾ ਜਿਕਰ ਨੇਮ ੧੦ (ੳ) ਹੇਠਾਂ ਆਇਆ ਹੈ:-

ਲਹਨੀ = ਲਹਨਿ, ਲੈਂਦੇ : "ਨਾਨਕ ਕਰਮਾਂ ਬਾਹਰੇ ਦਰਿ ਢੋਅ ਨ ਲਹਨੀ ਧਾਵਦੇ" (ਆਸਾ ਦੀ ਵਾਰ)।

ਜਾਣਨੀ = ਜਾਣਨਿ, ਜਾਣਦੇ : "ਮੂਰਖ ਸਚੁ ਨ ਜਾਣਨੀ" (ਆਸਾ ਦੀ ਵਾਰ)।

ਚੇਤਨੀ = ਚੇਤਨਿ, ਚੇਤਦੇ : "ਨਾਨਕ ਨਾਮੁ ਨ ਚੇਤਨੀ ਅਗਿਆਨੀ ਅੰਧੁਲੇ ਅਵਰੇ ਕਰਮ ਕਮਾਹਿ" (ਮ: ੩, ਵਾਰ ਸੋਰਠਿ)।

ਚਲਨੀ = ਚਲਨਿ = ਚਲਦੇ : "ਸਾਹੇ ਲਿਖੇ ਨ ਚਲਨੀ ਜਿੰਦੂ ਕੂੰ ਸਮਝਾਇ" (ਸਲੋਕ ਫਰੀਦ)।

(ਅ) ਸੰਬੰਧਕੀ ਅਰਥਾਂ ਵਿਚ:-

ਨਦਰੀ = ਨਦਰ ਨਾਲ : "ਨਦਰੀ ਮੋਖੁ ਦੁਆਰੁ" (ਜਪੁਜੀ)।

ਵਿਜੋਗੀ = ਵਿਜੋਗ ਨਾਲ : "ਵਿਜੋਗੀ ਮਿਲਿ ਵਿਛੁੜੇ, ਨਾਨਕ, ਭੀ ਸੰਜੋਗ" (ਮਾਰੂ ਮ: ੧)।

ਬੇਬਾਣੀ = ਬੇਬਾਣ ਵਿਚ }
ਮਸਾਣੀ = ਮਸਾਣ ਵਿਚ } : "ਰਹੈ ਬੇਬਾਣੀ ਮੜੀ ਮਸਾਣੀ" (ਆਸਾ ਦੀ ਵਾਰ)।

ਗੁਰਪਰਸਾਦੀ = ਗੁਰੂ ਦੇ ਪਰਸਾਦ ਨਾਲ: "ਕਹੈ ਨਾਨਕ ਗੁਰਪ੍ਰਸਾਦੀ ਸਹਜੁ ਉਪਜੈ" (ਅਨੰਦ)।

---

## ਔਂਕੜ ( ੁ )

**੧੯.** ਸਾਧਾਰਣ ਭੂਤ ਕਾਲ ਕਿਰਿਆ (Past tense) ਜਿਹਦੇ ਅੰਤ ਵਿਚ ਨਨਾ ਹੋਵੇ ਅਤੇ ਜਿਹਦਾ ਕਰਤਾ ਇਕਵਚਨ ਅਨਜ ਪੁਰਖ (third person singular) ਹੋਵੇ, ਉਹਦੇ ਨਨੇ ਤਲੇ ਔਂਕੜ ਜਰੂਰ ਹੋਂਦਾ ਹੈ:–

ਬਖਸਿਅਨੁ, ਉਤਾਰਿਅਨੁ = ਉਸਨੇ ਬਖ਼ਸ਼ੇ, ਉਸਨੇ ਉਤਾਰੇ : "ਕਉਣ ਕਉਣ ਅਪਰਾਧੀ ਬਖਸਿਅਨੁ, ਪਿਆਰੇ, ਸਾਚੈ ਸਬਦਿ ਵੀਚਾਰਿ । ਭਉਜਲੁ ਪਾਰਿ ਉਤਾਰਿਅਨੁ, ਭਾਈ, ਸਤਿਗੁਰ ਬੇੜੈ ਚਾੜਿ" (ਸੋਰਠਿ ਮਹਲਾ ੩)।

ਰਖਿਅਨੁ = ਉਸਨੇ ਰਖੇ : "ਜੋ ਧੁਰਿ ਰਖਿਅਨੁ ਮੇਲਿ ਮਿਲਾਇ" (ਧਨਾਸਰੀ ਮ: ੩)।

ਰੜਿਕਿਓਨੁ = ਉਸਨੇ ਰਿੜਕਿਆ : "ਮਾਧਾਣਾ ਪਰਬਤੁ ਕਰਿ, ਨੇਤ੍ਰਿ ਬਾਸਕੁ, ਸਬਦਿ ਰੜਿਕਿਓਨੁ" (ਵਾਰ ਸੱਤਾ ਬਲਵੰਡ)।

1ਨਕਾਲਿਅਨੁ = ਉਸਨੇ ਨਿਕਾਲੇ : "ਚਉਦਹ ਰਤਨ ਨਿਕਾਲਿਅਨੁ ਕੀਤੋਨੁ ਚਾਨਾਣੁ" (ਵਾਰ ਸੱਤਾ ਬਲਵੰਡ)।

ਇਸ ਔਂਕੜ ਵਾਲੇ ਨਨੇ ਅਤੇ ਨੇਮ ੧੦ (ੳ) ਵਿਚ ਦਸੇ ਸਿਹਾਰੀ ਵਾਲੇ ਨਨੇ ਦਾ ਭਿਨ ਭੇਤ ਸਮਝ ਲੈਣਾ ਚਾਹੀਦਾ ਹੈ। "ਖੋਟੇ ਖਰੇ ਸਭਿ ਪਰਖੀਅਨਿ ਤਿਤੁ ਸਚੇ ਕੈ ਦਰਬਾਰਾ ਰਾਮ। ਖੋਟੇ ਦਰਗਹ ਸੁਟੀਅਨਿ ਊਭੇ ਕਰਨਿ ਪੁਕਾਰਾ ਰਾਮ" (ਵਡਹੰਸ ਮ: ੩)। ਇਥੇ 'ਪਰਖੀਅਨਿ' ਦੇ ਅਰਥ 'ਪਰਖੇ ਜਾਂਦੇ ਹਨ' ਹੈ। ਜੇ ਇਸਦੇ ਅਰਥ 'ਉਸਨੇ ਪਰਖੇ' ਹੋਂਦੇ, ਤਾਂ ਇਹ ਸ਼ਬਦ 'ਪਰਖਿਅਨੁ' ਹੋਂਦਾ; ਅਰਥਾਤ, ਇਹਦੇ ਖਖੇ ਨਾਲ ਸਿਹਾਰੀ ਅਤੇ ਨਨੇ ਨਾਲ ਔਂਕੜ ਹੋਂਦਾ॥

**੨੦.** ਜਦੋਂ ਕਿਸੇ ਸ਼ਬਦ ਦੇ ਅੰਤ ਵਿਚ ਹ' ਸੁਰ ਕਰਕੇ ਵਰਤਿਆ ਜਾਂਦਾ ਹੈ ਤਾਂ ਔਂਕੜ ਉਸ 'ਹ' ਨਾਲ ਮਿਲਕੇ ਹੋੜੇ ਦੀ ਥਾਂ ਆਉਂਦਾ ਹੈ। ਯਥਾ:

ਪਰਬੋਧਹੁ = ਪਰਬੋਧੋ; ਕਰਿਅਹੁ = ਕਰਿਓ; ਸਦਿਅਹੁ = ਸਦਿਓ; ਕਹਹੁ = ਕਹੋ; ਪਿਆਰਿਹੁ = ਪਿਆਰਿਓ; ਅੰਦਰਹੁ = ਅੰਦਰੋਂ; ਵਿਚਹ = ਵਿਚੋਂ; ਭੰਡਹੁ = ਭੰਡੋਂ, ਕਪਾਹਹੁ = ਕਪਾਹੋਂ; ਅਗਹੁ = ਅਗੋਂ॥

**੨੧.** ਇਕ ਸ਼ਬਦ ਨੂੰ ਦੂਜੇ ਤੋਂ, ਅਤੇ ਖ਼ਾਸ ਕਰਕੇ ਇਕ ਨਾਂਵ ਨੂੰ ਦੂਜੇ ਸ਼ਬਦਾਂ ਤੋਂ ਨਿਖੇੜਨ ਲਈ:-

"ਫਰੀਦਾ ਖਾਕੁ ਨ ਨਿੰਦੀਐ, ਖਾਕੂ ਜੇਡੁ

ਨ ਕੋਇ" (ਸਲੋਕ ਫਰੀਦ)। 'ਖਾਕੁ' ਅਤੇ 'ਜੇੜੁ' ਨੂੰ 'ਨ' ਤੋਂ ਨਿਖੇੜਿਆ ਹੈ।

"ਹਰਿ ਹਰਿ ਜਪਨੁ ਜਪਉ ਦਿਨੁ ਰਾਤੀ" (ਧਨਾਸਰੀ ਮ: ੪)। 'ਜਪ ਨ ਜਪਉ' ਦੇ ਅਰਥ ਹੋਰ ਹੋ ਜਾਂਦੇ, ਜੇ 'ਜਪਨੁ' ਦੇ ਅੰਤ ਵਿਚ ਔਂਕੜ ਨਾਂਹ ਹੋਂਦਾ।

"ਸਾਧ ਜਨਾ ਕਾ ਦਰਸੁ ਨ ਡੀਠਾ" (ਸੂਹੀ ਮ: ੫) ਵਿਚ 'ਦਰਸੁ' ਦੇ ਅੰਤ ਵਿਚ ਔਂਕੜ ਨਾਹ ਹੋਂਦਾ ਤਾਂ ਅਰਥ ਕਰਨ ਵੇਲੇ ਭੁਲ ਪੈਣ ਦਾ ਡਰ ਸੀ। ਇਸੇਤ੍ਰਾਂ "ਦਿਨਸੁ ਚੜੈ ਫਿਰਿ ਆਥਵੈ" (ਸ੍ਰੀ ਰਾਗ ਮ: ੪) ਵਿਚ ਸਸੇ ਨਾਲ ਔਂਕੜ ਨਾਹ ਹੋਣ ਤੋਂ ਭੁਲ ਕੇ ਕਈ 'ਸਚੜੈ' ਪਾਠ ਕਰ ਦੈਂਦੇ॥

"ਵਰਤੁ ਤਪਨੁ ਕਰਿ ਮਨੁ ਨਹੀਂ ਭੀਜੈ" (ਰਾਮਕਲੀ ਮ: ੧) ਦਾ ਭੀ ਇਹੋ ਹਾਲ ਹੈ॥

---

## ਦੁਲੈਂਕੜੇ ( ੂ )

**੨੨** ਕਿਸੇ ਨਾਂਵ ਨਾਲ ਜਦ ਉਸਦੇ ਪਿਛੇ ਸੰਬੰਧਕੀ ਪਦ ਵਰਤਿਆ ਜਾਣਾ ਹੋਵੇ। ਹੁਣ ਤੱਕ ਪੋਠੋਹਾਰ ਵਿਚ ਕਹਿੰਦੇ ਹਨ: ਖੰਡੂ ਨੇ ਖਿਡਾਵਣੇ; ਰੇਤੂ ਨੇ ਫਕੇ; ਮਾਊ ਕੀ ਆਖ।

ਵਸਤੂ: "ਵਸਤੂ ਅੰਦਰਿ ਵਸਤੁ ਸਮਾਵੈ" (ਆਸਾ ਦੀ ਵਾਰ)।

ਜਿੰਦੁ: "ਸਾਹੇ ਲਿਖੇ ਨ ਚਲਨੀ ਜਿੰਦੂ ਕੂੰ ਸਮਝਾਇ" (ਸਲੋਕ ਫਰੀਦ)।

ਖਾਕੁ: "ਫਰੀਦਾ ਖਾਕੁ ਨ ਨਿੰਦੀਐ, ਖਾਕੂ ਜੇਡੁ ਨ ਕੋਇ" (ਸਲੋਕ ਫਰੀਦ)।

"ਓਹੁ ਖਿਨ ਮਹਿ ਰੁਲਤਾ ਖਾਕੂ ਨਾਲਿ" (ਗੋਂਡ ਮ: ੫)।

ਸਸੂ: "ਸਸੂ ਤੇ ਪਿਰਿ ਕੀਨੀ ਵਾਖਿ"(ਆਸਾਮ:੫)।

ਪੀਯੁ: "ਪੀਯੂ ਦਾਦੇ ਜੇਵਿਹਾ ਪੋਤਾ ਪਰਵਾਣੁ"(ਵਾਰ ਸਤਾ)॥

**੨੩.** ਕਈ ਵੇਰ ਦੁਲੈਂਕੜੇ ਹੋੜੇ ਦੀ ਥਾਂ ਵਰਤੇ ਗਏ ਹਨ। ਇਹ ਮੁਹਾਵਰਾ ਹੁਣ ਤੱਕ ਪੋਠੋਹਾਰ ਵਿਚ ਮੌਜੂਦ ਹੈ:-

ਅਸਲੂ = ਅਸਲੋਂ, ਜਿਦੂ – ਜਿਦੋਂ: "ਜਿਦੂ ਕਿਛ ਗੁਝਾ ਨ ਹੋਇ" (ਵਾਰ ਗਉੜੀ ਮ: ੪)।

ਤਿਦੂ: "ਮਾਸ ਨ ਤਿਦੂ ਖਾਹਿ" (ਸਲੋਕ ਫਰੀਦ)।

ਕੂ = ਕੋ: "ਫਰੀਦਾ ਮੈ ਜਾਨਿਆ ਦੁਖੁ ਮੁਝ ਕੂ"(ਸਲੋਕ ਫਰੀਦ ॥

## ਲਾਂ ( ੇ )

**੨੪.** ਸਿਹਾਰੀ ਦੀ ਥਾਂ ਕਈ ਵੇਰ ਲਾਂ ਵਰਤੀ ਗਈਹੈ:—

ਪੜੇ = ਪੜਿ: "ਕਬਿਤ ਪੜੇ ਪੜਿ ਕਬਿਤਾ ਮੂਏ"(ਸੋਰਠਿ ਕਬੀਰ)।

ਕੂੜੇ = ਕੂੜਿ = ਕੂੜ ਵਿਚ: "ਅਸੰਖ ਕੂੜਿਆਰ ਕੂੜੇ ਫਿਰਾਹਿ" (ਜਪੁਜੀ)।

ਦਰੇ = ਦਰਿ: "ਹਰਿ ਦਰੇ ਹਰਿ ਦਰਿ ਸੋਹਨਿ ਤੇਰੇ ਭਗਤ ਪਿਆਰੇ ਰਾਮ" (ਆਸਾ ਮ: ੫)।

ਸੰਸਾਰੇ = ਸੰਸਾਰਿ: "ਸੰਤੋਖੁ ਭਇਆ ਸੰਸਾਰੇ" (ਸੋਰਠਿ ਮ: ੫)।

ਸੰਗੇ = ਸੰਗਿ: "ਪੇਖਤ ਸੁਨਤ ਸਦਾ ਹੈ ਸੰਗੇ, ਮੈ ਮੂਰਖ ਜਾਨਿਆ ਦੂਰੀਰੇ" (ਸੋਰਿਠ ਮ: ੫)।

ਧੁਰੇ = ਧੁਰਿ: "ਸੋਈ ਵਰਤੈ ਜਗਿ ਜਿ ਕੀਆ ਤੁਧੁ ਧੁਰੇ" (ਮ: ੫, ਵਾਰ ਗੂਜਰੀ)।

ਉਪਰੇ = ਉਪਰਿ: "ਮੁਖੁ ਤਲੈ ਪੈਰੁ ਉਪਰੇ ਵਸੰਦੋ ਕੁਹਥੜੇ ਥਾਇ" (ਵਾਰ ਜੈਤਸਰੀ ਮ: ੫)।

ਬ੍ਰਹਮੰਡੇ, ਪਿੰਡੇ = ਬ੍ਰਹਮੰਡਿ, ਪਿੰਡਿ: "ਜੋ ਬ੍ਰਹਮੰਡੇ ਸੋਈ ਪਿੰਡੇ, ਜੋ ਖੋਜੈ ਸੋ ਪਾਵੈ" (ਧਨਾਸਰੀ ਪੀਪਾ)।

ਕੁੰਭੇ = ਕੁੰਭਿ: "ਕੁੰਭੇ ਬਧਾ ਜਲ ਰਹੈ" (ਆਸਾਦੀ ਵਾਰ)।

ਅੰਤੇ = ਅੰਤਿ: "ਅੰਤੇ ਸਤਿਗੁਰੁ ਬੋਲਿਆ ਮੈ ਪਿਛੈ ਕੀਰਤਨੁ ਕਰਿਹੁ ਨਿਰਬਾਣੁ ਜੀਉ" (ਸਦ ਸੁੰਦਰ)॥

---

## ਦੁਲਾਈਆਂ ( ੈ )

**੨੫.** ਕਈ ਵੇਰ ਇਹ ਲੱਗ ਸਥਾਨਵਾਚਕ ਸੰਬੰਧਕੀ ਅਰਥਾਂ ਵਿਚ ਵਰਤੀ ਗਈ ਹੈ। ਇਹ ਨਰੋਲ

ਪਜਾਬੀ ਮੁਹਾਵਰਾ ਹੈ ਅਤੇ ਪੋਠੋਹਾਰ ਵਿਚ ਹੁਣ ਤੱਕ ਵਰਤਿਆ ਜਾਂਦਾ ਹੈ। ਜਿਵੇਂ: ਉਹ ਕੋਠੈ ਚੜ੍ਹਿਆ ਹੈ, ਜਾਂ ਢੋਕੈ ਗਿਆ ਹੈ।

ਦੂਜੈ = ਦੂਜੇ ਨਾਲ ਜਾਂ ਨੂੰ: "ਸਭੋ ਸੂਤਕੁ ਭਰਮੁ ਹੈ ਦੂਜੈ ਲਗੈ ਜਾਇ" (ਆਸਾ ਦੀ ਵਾਰ)।

ਰਿਦੈ = ਰਿਦੇ ਵਿਚ: ਸਚੁ ਤਾ ਪਰੁ ਜਾਣੀਐ ਜਾ ਰਿਦੈ ਸਚਾ ਹੋਇ" (ਆਸਾ ਦੀ ਵਾਰ)।

ਮੰਦੈ = ਮੰਦ ਵਿਚ: "ਓਨੀ ਮੰਦੈ ਪੈਰੁ ਨ ਰਖਿਓ"(ਆਸਾ ਦੀ ਵਾਰ)।

ਰੈਨੜੀਐ = ਰੈਨ ਵਿਚ: "ਭਿੰਨੀ ਰੈਨੜੀਐ ਚਾਮਕਨਿ ਤਾਰੇ" (ਆਸਾ ਮ: ੫)।

ਜੰਘੀਐ = ਜੰਘਾਂ ਨਾਲ: "ਫਰੀਦਾ ਇਨੀ ਨਿਕੀ ਜੰਘੀਐ ਥਲ ਡੂਗਰ ਭਵਿਓਮ੍ਹਿ" (ਸਲੋਕ)।

ਕਹਣੈ = ਕਹਣ ਨਾਲ: "ਕਹਣੈ ਕਥਨਿ ਨ ਭੀਜੈ ਗੋਬਿੰਦੁ" (ਸੋਰਠਿ ਮ: ੫)।

ਸੂਐ = ਸੂਏ ਉਤੇ: "ਸੂਐ ਚਾੜਿ ਭਵਾਈਅਹਿ ਜੰਤ" (ਆਸਾ ਦੀ ਵਾਰ)।

ਇਸੇਤ੍ਰਾਂ, ਰਉਕੈ, ਮਥੈ, ਪੇੜੈ, ਮੰਜੈ, ਲੇਖੈ, ਤ੍ਰੂਤੈ, ਜਿਵੈ, ਤਿਥੈ, ਪਿਛੈ, ਅਗੈ, ਤਲੈ, ਘੋੜੜੈ, ਗੰਠੜੀਐ, ਸੁਖੈ, ਰਾਮਦਾਸੈ, ਆਦਿਕ ॥

**੨੬.** ਕਿਸੇ ਨਾਂਵ ਦੇ ਅੰਤ ਵਿਚ, ਜਿਹਦੇ ਨਾਲ ਸੰਬੰਧਕੀ ਪਦ ਵਰਤਿਆ ਜਾਣਾ ਹੋਵੇ:—

ਘਰੈ: "ਘਰੈ ਅੰਦਰਿ ਸਭੁ ਵਥੁ ਹੈ"(ਆਸਾ ਮ:੩)।
ਨਾਵੈ: "ਸਭ ਨਾਵੈ ਨੋ ਲੋਚਦੀ" (ਆਸਾ ਮ: ੩)।
"ਹਉਮੈ ਨਾਵੈ ਨਾਲਿ ਵਿਰੋਧੁ ਹੈ" (ਵਡਹੰਸ ਮ: ੩)॥

---

**੨੭.** ਜਦ ਕਿਸੇ ਨਾਂਵ ਨਾਲ ਉਤੇ ਦਸੇ ਗੁਣਾਂ ਵਾਲੀ ਸਿਹਾਰੀ (ਜਾਂ ਦੁਲਾਈਆਂ) ਲਗੀ ਹੋਵੇ, ਤਾਂ ਉਸਦੇ ਵਿਸ਼ੇਸ਼ਣ ਦੇ ਅੰਤ ਵਿਚ ਲਾਂ ਦੀ ਥਾਂ ਦੁਲਾਈਆਂ ਆਵਣਗੀਆਂ। ਜਥਾ:—

ਅੰਧੈ: "ਮੂਰਖਿ ਅੰਧੈ ਪਤਿ ਗਵਾਈ" (ਆਸਾ ਦੀ ਵਾਰ)।
ਪੂਰੈ: "ਗੁਰਿ ਪੂਰੈ ਮਿਹਰਵਾਨਿ ਭਰਮੁ ਭਉ ਮਾਰਿਆ" (ਮ: ੪, ਵਾਰ ਬਿਲਾਵਲ)।
ਭੀੜੈ: "ਰਾਹਿ ਭੀੜੈ ਅਗੈ ਜਾਵਣਾ"(ਆਸਾਦੀਵਾਰ)।
ਭੀਹਾਵਲੈ: "ਬਨਿ ਭੀਹਾਵਲੈ ਹਿਕੁ ਸਾਥੀ ਲਧਮੁ ਦੁਖ ਹਰਤਾ ਹਰਿ ਨਾਮਾ" (ਮ: ੫, ਵਾਰ ਗੂਜਰੀ)।
ਸਬਾਇਐ: "ਫਰੀਦਾ ਮੈ ਜਾਨਿਆ ਦੁਖੁ ਮੁਝ ਕੂ ਦੁਖੁ ਸਬਾਇਐ ਜਗਿ" (ਸਲੋਕ)।
ਮੇਰੈ: "ਭਲਕੇ ਉਠਿ ਪਰਾਹੁਣਾ ਮੇਰੈ ਘਰਿ ਆਵਉ" (ਮ: ੫, ਵਾਰ ਗਉੜੀ)।
ਤੇਰੈ: "ਭਗਤ ਤੇਰੈ ਮਨਿ ਭਾਵਦੇ" (ਆਸਾ ਦੀ ਵਾਰ), ਭਗਤ ਲੋਕ ਤੇਰੇ ਮਨ ਨੂੰ ਭਾਂਵਦੇ ਹਨ। ਇਹਦਾ ਇਹ ਅਰਥ ਨਹੀਂ ਕਿ ਤੇਰੇ ਭਗਤ ਮਨ ਨੂੰ ਭਾਉਂਦੇ ਹਨ।

"ਤੇਰੈ ਭਰੋਸੈ, ਪਿਆਰੇ, ਮੈ ਲਾਡ ਲਡਾਇਆ" (ਸ੍ਰੀ ਰਾਗ ਮ: ੫)।

ਪਰਾਇਐ: "ਫਰੀਦਾ ਬਰਿ ਪਰਾਇਐ ਬੈਸਣਾ ਸਾਈ ਮੁਝੈ ਨ ਦੇਹਿ" (ਸਲੋਕ)।

ਕਚੈ: "ਫਰੀਦਾ ਕਚੈ ਭਾਡੈ ਰਖੀਐ ਕਿਚਰੁ ਤਾਈ ਨੀਰੁ" (ਸਲੋਕ)।

ਪਹਿਲੈ: "ਪਹਿਲੈ ਪਹਿਰੈ ਫੁਲੜਾ"(ਸਲੋਕ ਫਰੀਦ)।

**੨੮.** ਕਿਰਿਆ ਦੇ ਅੰਤ ਵਿਚ ਕਾਰਨਿਕ ਅਰਥਾਂ ਨਾਲ। ਜਿਵੇਂ:ਸੁਣਿਐ – ਸੁਣਨ ਕਰਕੇ; ਖਾਧੈ = ਖਾਣ ਤੋਂ। ਇਸਦਾ ਜ਼ਿਕਰ ਸਿਹਾਰੀ ਦੇ ਨੇਮ ੯ ਹੇਠਾਂ ਆ ਚੁਕਾ ਹੈ।

## ਕਨੌੜਾ ( ੌ )

**੨੯.** ਕਨੌੜਾ ਕਈ ਥਾਂਈ ਸਥਾਨ–ਵਾਚਕ ਸੰਬੰਧਕਾਂ ਦੇ ਤੌਰ ਤੇ ਵਰਤਿਆ ਗਿਆ ਹੈ।ਅਰਥ ਕਰਦਿਆਂ ਇਹਦੇ ਨਾਲ ਬਿੰਦੀ ਲਾ ਲਈਦੀ ਹੈ। ਯਥਾ:–

ਆਪੌਂ = ਆਪ ਥੋਂ:"ਨਾਨਕ ਜੇਕੋ ਆਪੌ ਜਾਣੈ ਅਗੈ ਗਇਆ ਨ ਸੋਹੈ"(ਜਪੁਜੀ)।ਗੁਰੂ ਨਾਨਕ ਜੀ ਕਹਿੰਦੇ ਹਨ ਕਿ ਜੇ ਕੋਈ ਮਨੁਖ ਕੋਈ ਕਾਰਜ ਆਪਣੇ ਆਪ ਤੋਂ ਹੋਇਆ ਜਾਣੇ, ਤਾਂ ਉਹ ਅਗਲੀ ਦਰਗਾਹ ਜਾਕੇ ਚੰਗਾ ਨਹੀਂ ਲਗੇਗਾ।

ਮੁਹੌ = ਮੂੰਹ ਤੋਂ: "ਮੁਹੌ ਕਿ ਬੋਲਣੁ ਬੋਲੀਐ ਜਿਤੁ ਸੁਣਿ ਧਰੇ ਪਿਆਰੁ" (ਜਪੁਜੀ)।

ਇਸੇ ਤ੍ਰਾਂ:"ਇਕਦੂ ਜੀਭੌ ਲਖ ਹੋਹਿ"(ਜਪੁਜੀ)ਦਾ ਹਾਲ ਹੈ॥

ਇਤਿ

# The Sikh Martyrs.

This is a book of over 250 pages written in nice English by Bhagat Lakshman Singh F. R. S A., M. R. A. S., retired P. E. S. This book is very ably written and the get-up is highly attractive. It has been very favourably reviewed upon by the Nationalist papers.

Cloth bound, Price Rs. 2/8/-

*To be had of:—*

## The Phulwari Agency,

Hall Bazar, AMRITSAR.

# RARE GEMS.

Professor Teja Singh M. A., is undisputedly a scholar in Sikhism. Being a Professor of Sikh Religion in the Khalsa College of Amritsar he is the best person to interpret Gurbani in English. The following books and tracts by the learned Professor have become immensely popular, and they are fully worthy of perusal.

| | Rs. | a. | p. |
|---|---|---|---|
| 1. The Japji, translated into English | 1 | 0 | 0 |
| 2. The Growth of Responsibility in Sikhism ... ... | 0 | 6 | 0 |
| 3. The Sikh Prayer ... ... | 0 | 2 | 0 |
| 4. What Sikhism did for Woman-kind. ... ... ... | 0 | 1 | 6 |
| 5. Guru Nanak and His Mission ... | 0 | 2 | 0 |
| 6. The Sword and Religion ... | 0 | 1 | 0 |
| 7. The above in Urdu ... ... | 0 | 1 | 0 |

*To be had of:—*

The Manager,

THE PHULWARI AGENCY,

HALL BAZAR,

**AMRITSAR.**

National Library
Calcutta-27